# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

## ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਉਤਸਵ

5 ਸਤੰਬਰ ਨੂੰ ਥਾਂ ਥਾਂ ਸੰਗਤਾਂ ਮਨਾ ਰਹੀਆਂ ਹਨ ।

SEP 1986

ਸਤੰਬਰ ੧੯੮੬

ੴ ਸਤਿਗੁਰ ਪ੍ਰਸਾਦਿ॥

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ॥
ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥

## ਗੁਰੂ ਕਾ ਨਿਵਾਸ ਸ਼ਬਦ ਵਿਚ ਹੈ

ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿਨਾਮੁ ਪਾਇਦਾ ॥ (੧੦੬੬)
ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ ॥(੬੭)

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੭-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ ਸੋਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਖਾਲਸਾ ਕੌਮ ਦੀ ਕਾਇਮੀ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਅਜਪਾ ਜਾਪ | ੪ | ,, ,, ,, |
| ਕੋਊ ਮ੍ਰਿਤਾਨ ਕੋ ਪੂਜਨ ਧਾਇਓ | ੧੦ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਗ੍ਰਿਹਸਤੀ ਜੀਵਨ | ੧੪ | ਭਾਈ ਰਾਮ ਸਿੰਘ ਜੀ |
| ਭੈ ਤੇ ਨਿਰਭਉ ਪਾਈਐ | ੧੬ | ਡਾ: ਰਤਨ ਸਿੰਘ ਜੀ ਜੱਗੀ |
| ਵੇਖ ਕੇ ਅਣਡਿਠ ਕੀਤਾ | ੧੮ | ਸ: ਨਰੈਣ ਸਿੰਘ ਜੀ ਐਮ.ਏ. |
| ਸੰਗਤ ਦੀ ਅਰਦਾਸ ਦਾ ਸਤਿਕਾਰ | ੨੦ | ਜਥੇਦਾਰ, ਅ: ਕੀ: ਜਥਾ |
| ਪੰਥ ਦੇ ਆਗੂਆਂ ਨੂੰ (ਕਵਿਤਾ) | ੨੧ | ਗਿ: ਗੋਪਾਲ ਸਿੰਘ ਜੀ ਮਿੱਤਰ |
| ਦਸਮੇਸ਼ ਰਜਮੈਂਟ ਦੇ ਨਾਂ ਤੇ ਚਿਠੀਆਂ | ੨੨ | ਰੋਜ਼ਾਨਾ 'ਅਜੀਤ' |
| ਸੱਚੀ ਕੁਰਬਾਨੀ | ੨੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਧਰਮ ਦੇ ਵਾਰਸੋ ! ਬੋਲੋ !! | ੨੪ | 'ਸੂਰਾ' ਪਰਵਾਰ |
| ਵਾਹ ! ਪੰਜਾਬ ਦੀਏ ਕਿਸਮਤੇ | ੨੭ | ਸ: ਪ੍ਰਤਾਪ ਸਿੰਘ ਜੀ ਗਿਲ |
| ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਜੀ (੪) | ੩੧ | ਕੈਪਟਿਨ ਸਵਰਨ ਸਿੰਘ ਜੀ |
| ਗੁਰੂ ਮਾਨੀਓ ਗ੍ਰੰਥ | ੩੭ | ਸ: ਰਣਬੀਰ ਸਿੰਘ ਜੀ |
| 'ਤੁਹੀ-ਤੁਹੀ' ਦਾ ਆਦਰਸ਼ | ੪੦ | ਡਾਕਟਰ ਤਾਰਨ ਸਿੰਘ ਜੀ |
| ਰਾਗਮਾਲਾ ਬਾਰੇ ਨਵਾਂ ਵਿਵਾਦ | ੪੧ | ... ... ... |


| | | | |
|---|---|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਪ੍ਰਕਾਸ਼ | ੫ ਸਤੰਬਰ | ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ | ੬ ਸਤੰਬਰ |
| ਸੀ ਗੁਰੂ ਰਾਮਦਾਸ ਜੀ ਜੋਤੀ ਜੋਤਿ | ੭ ਸਤੰਬਰ | ਸ੍ਰੀ ਗੁਰੂ ਰਾਮਦਾਸ ਜੀ ਗੁਰਿਆਈ | ੧੬ ਸਤੰਬਰ |
| ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ | ੧੮ ਸਤੰਬਰ | ਸ੍ਰੀ ਗੁਰੂ ਅੰਗਦ ਦੇਵ ਜੀ ਗੁਰਿਆਈ | ੨੩ ਸਤੰਬਰ |
| ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ | ੨੮ ਸਤੰਬਰ | ਬਾਬੇ ਨਾਨਕ ਦਾ ਵਿਆਹ ਬਟਾਲਾ | ੧੦ ਸਤੰਬਰ |

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਹਰਬੰਸ ਸਿੰਘ ਪਨੇਸਰ ਬੈਡਫੋਰਡ ਯੂ. ਕੇ. | 'ਸੂਰਾ' ਦੀ ਚੜ੍ਹਦੀ ਕਲਾ ਲਈ | 92-15 |
| ਬੀਬੀ ਬਲਵੀਰ ਕੌਰ, ਧਨੌਲਾ | ਦੋਹਤਰੇ ਦੇ ਜਨਮ ਦੀ ਖੁਸ਼ੀ ਵਿਚ | 50-00 |
| ਸਿਖ ਸੰਗਤ ਵੈਸਟ ਜਰਮਨੀ | 'ਸੂਰਾ' ਦੀ ਚੜ੍ਹਦੀ ਕਲਾ ਲਈ | 130 -00 |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੯.੮੬ ਨੂੰ ਪ੍ਰਕਾਸ਼ਤ ਕੀਤਾ ।

ਟੈਲੀਫੋਨ ਨੰਬਰ : 51847 ਘਰ : 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਆਸ਼ਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |

**ਪਰਦੇਸ (ਸਾਰੇ ਦੇਸ)**
**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੪੦-੦੦ |
| ਹਵਾਈ ਡਾਕ | ੧੦੦-੦੦ |

**ਅਮਾਨਤੀ**
**ਲਾਈਫ਼ ਮੈਂਬਰ**

| | |
|---|---|
| ਦੇਸ | ੧੫੦-੦੦ |
| ਪਰਦੇਸ (ਸਾਰੇ ਦੇਸ): | |
| ਸਮੁੰਦਰੀ ਡਾਕ | ੪੦੦-੦੦ |
| ਹਵਾਈ ਡਾਕ | ੧੦੦੦-੦੦ |

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੦ ਸਤੰਬਰ ੧੯੮੬ ਅੰਕ ੯


## ਖਾਲਸਾ ਕੌਮ ਦੀ ਕਾਇਮੀ

ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਦੇਵ-ਭੂਮੀ ਦੇ ਵਿਸ਼ੇਸ਼ ਧਾਮ ਸ੍ਰੀ ਕੇਸਗੜ੍ਹ ਵਿਖੇ ਸ੍ਰੀ ਦਸਮੇਸ਼ ਜੀ ਨੇ ਜੁਗੋ ਜੁਗ ਅਟੱਲ ਰਹਿਣ ਵਾਲੇ ਧਰਮ-ਰਖਸ਼ਕ, ਧਰਮ-ਵਿਥਾਰਕ, ਧਰਮ-ਉਬਾਰਕ, ਜਗਤ-ਉੱਧਾਰਕ, ਮੁਬਾਰਕ ਖਾਲਸਾ ਪੰਥ ਦੀ ਸਾਜਨਾ ਕੀਤੀ, ਜਿਸ ਖਾਲਸਾ ਨੇਸ਼ਨ ਨੇ ਜਨਮ ਧਾਰਨ ਸਾਰ ਹੀ ਆਪਣੇ ਜਨਮ-ਦਾਤਾ ਦੇ ਬਲ ਨਾਲ ਸਦੀਆਂ ਤੋਂ ਜੰਮੇ ਹੋਏ ਜ਼ੁਲਮ-ਰਾਜ ਦੀ ਜੜ੍ਹ ਹਿਲੂਣ ਦਿਤੀ ਅਤੇ ਸੱਚੇ ਧਰਮ ਦਾ ਹਲੇਮੀ ਰਾਜ ਵਿਥਾਰਨਾ ਅਰੰਭ ਦਿਤਾ। ਧਰਮ ਚਲਾਵਨ, ਧਰਮੀਆਂ ਨੂੰ ਉਬਾਰਨ ਅਤੇ ਧਰਮ-ਦਵੈਖੀ-ਦੁਸ਼ਟਾਂ ਦਾ ਮੂਲ ਉਪਾਰਨ ਲਈ, ਜਗਤ-ਉੱਧਾਰ-ਕੁਰਬਾਨੀ ਦੀ ਜਗ-ਵੇਦੀ ਵਿਖੇ ਧਰਮੱਗ ਪੁਰਸ਼ਾਂ ਦੇ ਜੀਵਨਾਂ ਦੀ ਉਹ ਅਹੂਤੀ ਦਿੱਤੀ ਕਿ ਸਦੀਵ ਲਈ ਜੁਗੋ ਜੁਗ ਕੁਰਬਾਨੀ ਵਾਲੀ ਖਾਲਸਾ ਕੌਮ ਦੀ ਕਾਇਮੀ ਦਾ ਧੁਰਵਾ ਬੱਝ ਗਿਆ।

ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਪ੍ਰਕਾਸ਼' (ਧਰਮ ਵਿਥਾਰਕ ਗੁਰੂ) ਵਿਚੋਂ




www.AKJ.Org

# ਅਜਪਾ ਜਾਪ

**ਨੋਟ** :—'ਸੀਸਗੰਜ' ਅਗਸਤ ੧੯੮੬ ਵਿਚ ਉਪਰੋਕਤ ਸਿਰਲੇਖ ਹੇਠ ਸ: ਸੁਰਜੀਤ ਸਿੰਘ ਭਾਟੀਆ ਦਾ ਇਕ ਲੇਖ ਹੈ, ਜਿਸ ਵਿਚ ਉਹ 'ਅਜਪਾ ਜਾਪ' ਦੀ ਹੇਠ ਲਿਖੀ ਪ੍ਰੀਭਾਸ਼ਾ ਦਿੰਦੇ ਹਨ :—

> "ਤਾਲੂ, ਜੀਭ, ਹੋਠ, ਸ੍ਵਾਸ ਆਦਿ ਦੀ ਸਹਾਇਤਾ ਤੋਂ ਬਿਨਾਂ, ਭਾਵ ਮੁਖ ਦੁਆਰਾ ਜਪੇ ਬਿਨਾਂ, ਮਨ ਦੀ ਇਕਾਗਰਤਾ ਨਾਲ, ਕੇਵਲ ਚਿਤ ਬ੍ਰਿਤੀ ਦੁਆਰਾ ਕੀਤਾ ਚਿੰਤਨ ਅਜਪਾ ਜਾਪ ਹੈ ।"

ਅਤੇ ਲੇਖ ਦੇ ਪਿਛਲੇ ਹਿਸੇ ਵਿਚ ਆ ਕੇ ਲਿਖਦੇ ਹਨ—

> "ਗੁਰਮਤਿ ਅਨੁਸਾਰ ਅਜਪਾ ਜਾਪ ਦਾ ਭਾਵ ਉਸ ਵਿਸ਼ਾਲਤਾ ਦਾ ਧਿਆਨ ਕਰਨਾ ਹੈ, ਜੋ ਸ਼ਬਦਾਂ ਦੀ ਪਕੜ ਤੋਂ ਬਾਹਰ ਹੈ ।"

ਵਿਦਵਾਨ ਲਿਖਾਰੀ ਅਨੁਸਾਰ ਮਨ ਦੀ ਇਕਾਗਰਤਾ ਨਾਲ, ਕੇਵਲ ਚਿਤ ਬਿਰਤੀ ਦੁਆਰਾ ਚਿੰਤਨ ਕਰਨਾ, ਅਥਵਾ ਉਸ ਵਿਸ਼ਾਲਤਾ ਦਾ ਧਿਆਨ ਕਰਨਾ, ਜੋ ਸ਼ਬਦਾਂ ਦੀ ਪਕੜ ਤੋਂ ਬਾਹਰ ਹੈ, ਅਜਪਾ ਜਾਪ ਹੈ ।

ਮਨ ਦੀ ਇਕਾਗਰਤਾ ਕਿਵੇਂ ਹੋਵੇਗੀ, ਇਸ ਦਾ ਲੇਖਕ ਜੀ ਨੇ ਕਿਤੇ ਜ਼ਿਕਰ ਨਹੀਂ ਕੀਤਾ। ਜੇ ਲੇਖਕ ਜੀ ਦੀ ਸੋਚਣੀ ਅਨੁਸਾਰ ਕੇਵਲ ਸ਼ਬਦਾਂ ਦੀ ਪਕੜ ਤੋਂ ਬਾਹਰੀ ਕਿਸੇ ਵਿਸ਼ਾਲਤਾ ਦਾ ਧਿਆਨ ਧਰਨਾ ਹੀ ਅਜਪਾ ਜਾਪ ਹੈ, ਤਾਂ ਫਿਰ ਕਿਸੇ ਨਾਮ-ਸਿਮਰਨ ਦੀ ਲੋੜ ਹੀ ਨਾ ਰਹੀ । ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਦਿ ਤੋਂ ਅੰਤ ਤਕ ਬਾਰ ਬਾਰ ਮੁਖ ਦੁਆਰਾ, ਜੀਭਾ ਦੁਆਰਾ, ਹਿਰਦੇ ਦੁਆਰਾ, ਸੁਆਸਾਂ ਦੁਆਰਾ ਨਾਮ ਸਿਮਰਨ ਦੇ ਤਾਕੀਦੀ ਹੁਕਮ ਮਿਲਦੇ ਹਨ ਅਤੇ ਕੰਨਾਂ ਦੁਆਰਾ ਸੁਣਨ ਦੇ ਆਦੇਸ਼ ਵੀ ਮਿਲਦੇ ਹਨ, ਤਾਂ ਫਿਰ ਲੇਖਕ ਜੀ ਨੇ ਇਹ ਦਸਣ ਦੀ ਕਿਰਪਾਲਤਾ ਨਹੀਂ ਕੀਤੀ ਕਿ ਇਹ ਹੁਕਮ ਕਿਨ੍ਹਾਂ ਵਾਸਤੇ ਹਨ :—

(ੳ) ਸ੍ਰਵਣੀ ਸੁਣੀਐ, ਰਸਨਾ ਗਾਈਐ, ਹਿਰਦੈ ਧਿਆਈਐ ਸੋਈ ॥੩॥੧੦॥ (੬੧੧)

(ਅ) ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥੧॥<br>
ਸ੍ਰਵਨ ਸੁਨੀਜੈ ਅੰਮ੍ਰਿਤ ਕਥਾ ॥ ਜਾਸੁ ਸੁਨੀ ਮਨਿ ਹੋਇ ਅਨੰਦਾ, ਦੂਖ ਰੋਗ ਮਨ ਸਗਲੇ ਲਥਾ ॥੧॥ਰਹਾਉ॥<br>
ਕਾਰਜਿ ਕਾਮਿ ਬਾਟ ਘਾਟ ਜਪੀਜੈ ॥ ਗੁਰ ਪ੍ਰਸਾਦਿ ਹਰਿ ਅੰਮ੍ਰਿਤੁ ਪੀਜੈ ॥੨॥<br>
ਦਿਨਸ ਰੈਨਿ ਹਰਿ ਕੀਰਤਨੁ ਗਾਈਐ ॥ ਸੋ ਜਨੁ ਜਮ ਕੀ ਵਾਟ ਨ ਪਾਈਐ ॥੩॥<br>
ਆਠ ਪਹਰ ਜਿਸ ਵਿਸਰਹਿ ਨਾਹੀ ॥ ਗਤਿ ਹੋਵੈ ਨਾਨਕ ਤਿਸੁ ਲਗਿ ਪਾਈ ॥੪॥੧੦॥੬੧॥<br>
(ਆਸਾ ਮ: ੫, ਪੰਨਾ ੩੮੬)

(ੲ) ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ ॥<br>
ਛੋਡਿ ਪ੍ਰਪੰਚੁ ਪ੍ਰਭ ਸਿਉ ਰਚਹੁ ਤਜਿ ਕੂੜੇ ਨੇਹ ॥੨॥੪॥ (੮੧੨)

(ਸ) ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥੨॥੧੯॥ (੫੫੬)

(ਹ) ਸਦਾ ਸਦਾ ਸਿਮਰਿ ਦਿਨੁ ਰਾਤਿ ॥ ਊਠਤ ਬੈਠਤ ਸਾਸਿ ਗਿਰਾਸਿ ॥੯॥ (੯੭੧)

(ਕ) ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ ॥੫॥੧੦॥ (ਪੰਨਾ ੫੯)

(ਖ) ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ ॥<br>
ਅੰਦਰੁ ਰਚੈ ਹਰਿ ਸਚੁ ਸਿਉ ਰਸਨਾ ਹਰਿ ਗੁਣ ਗਾਇ ॥੧॥੭॥ (ਪੰਨਾ ੨੯)

ਇਸ ਤਰ੍ਹਾਂ ਦੇ ਅਨੇਕਾਂ ਗੁਰ-ਹੁਕਮਾਂ ਦੇ ਸਾਮਰਤੱਖ ਹੁੰਦਿਆਂ ਸੁੰਦਿਆਂ, ਸ਼ਬਦਾਂ ਦੀ ਪਕੜ ਤੋਂ ਬਿਨਾਂ ਕੇਵਲ ਚਿੰਤਨ ਕਰਨਾ ਹੀ ਲੇਖਕ ਜੀ ਨੂੰ 'ਅਜਪਾ ਜਾਪ' ਜਾਪਦਾ ਹੈ। ਅਮਲੀ ਕਮਾਈ ਅਤੇ ਨਿਜੀ ਅਨੁਭਵ ਤੋਂ ਬਿਨਾਂ, ਕੇਵਲ ਅਕਲੀ ਦੌੜਾਂ ਨਾਲ ਗੁਰਬਾਣੀ ਵਿਚੋਂ ਮਨ-ਮੰਨੇ ਭਾਵ ਕਢ ਕੇ ਸਿਖ ਸੰਗਤਾਂ ਨੂੰ ਪਟੜੀਓਂ ਲਾਹੁਣਾ ਅਤੇ ਪ੍ਰਵਾਣਿਤ ਸਿਧਾਂਤਾਂ ਤੋਂ ਦੂਰ ਲਿਜਾਣਾ ਭਲਾ ਕਿਥੋਂ ਦੀ ਸਿਆਣਪ ਹੋਈ ?

ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਕੁਝ ਇਸ ਤਰ੍ਹਾਂ ਦੇ ਹੀ ਕਿਸੇ ਚੁੰਚ-ਗਿਆਨੀ ਨਾਲ ਵਾਹ ਪਿਆ ਤਾਂ ਉਸ ਪ੍ਰਤੀ ਆਪ ਨੇ "ਅਜਪਾ ਜਾਪ" ਦੀ ਗੁਰਮਤਿ ਸਿਧਾਂਤਾਂ ਅਤੇ ਗੁਰਬਾਣੀ ਦੇ ਅਧਾਰ ਤੇ ਵਿਆਖਿਆ "ਗੁਰਮਤਿ ਨਾਮ ਅਭਿਆਸ ਕਮਾਈ" ਪੁਸਤਕ ਵਿਚ ਕੀਤੀ ਹੈ, ਜਿਸ ਦਾ ਕੁਝ ਹਿਸਾ ਅਸੀਂ ਹੇਠਾਂ ਦੇ ਰਹੇ ਹਾਂ, ਤਾਂ ਜੁ ਪਾਠਕ ਗੁਰਬਾਣੀ ਦੀ ਰੌਸ਼ਨੀ ਵਿਚ "ਅਜਪਾ ਜਾਪ" ਦਾ ਤਜਰਬਾ ਕਰ ਸਕਣ ।

—ਸੰਪਾਦਕ



www.AKJ.Org

# ਅਜਪਾ ਜਾਪ

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

......ਅਜਪਾ ਜਾਪ ਦੇ ਆਮ ਅਰਥ ਕਈ ਗਿਆਨੀ ਇਉਂ ਲਾਉਂਦੇ ਹਨ ਕਿ ਜੋ ਜਾਪ ਰਸਨਾ, ਤਾਲੂ, ਮੁਖ ਕਰਕੇ ਅਥਵਾ ਪਰਾ, ਪਸੰਤੀ, ਮਧਮਾ, ਬੈਖਰੀ ਬਾਣੀ ਕਰਕੇ ਨਾ ਜਪਿਆ ਜਾਵੇ ਸੋ ਅਜਪਾ ਜਾਪੁ ਹੈ। ਅਸੀਂ ਪੁਛਦੇ ਹਾਂ ਕਿ ਜਾਪ ਜੇ ਰਸਨਾ, ਤਾਲੂ, ਮੁਖ ਅਤੇ ਪਰਾ, ਪਸੰਤੀ ਆਦਿਕ ਬਾਣੀ ਕਰਕੇ ਨਾ ਜਪਿਆ ਜਾਵੇ ਤਾਂ ਗਿਆਨੀ ਦਸਣ ਕਿ ਇਹ ਜਾਪ ਹੋਰ ਕਿਵੇਂ ਜਪਿਆ ਜਾਵੇ। ਖਿਆਲ ਕਰਕੇ ਜਪਣ ਦਾ ਨਾਉਂ ਜਾਪ ਨਹੀਂ ਹੋ ਸਕਦਾ। ਖਿਆਲ ਕਰਕੇ ਤਾਂ ਕੋਈ ਸ਼ਬਦ ਖਿਆਲਿਆ ਹੀ ਜਾ ਸਕਦਾ ਹੈ, ਜਪਿਆ ਨਹੀਂ ਜਾ ਸਕਦਾ। ਜਾਪ ਤਾਂ ਜਾਪ ਹੀ ਰਹੇਗਾ, ਗਿਆਨੀਆਂ ਦੇ ਅਰਥਾਂ ਵਾਲਾ ਅਜਪਾ ਜਾਪ ਨਹੀਂ ਹੋ ਸਕਦਾ।

ਗੁਰਮਤਿ ਦੇ ਅਜਪਾ ਜਾਪ ਪਦ ਦਾ ਅਰਥ ਆਮੁਹਾਰਾ ਜਾਪ ਹੈ। ਇਕੋ ਸਾਹਾ ਜਪਿਆ ਜਾਪ, ਆਮੁਹਾਰਾ ਅਤੁਟ ਜਾਪ ਕਰਕੇ ਜਪਿਆ ਜਾਪ, ਸੋ ਅਜਪਾ ਜਾਪ ਹੈ। ਅਮੁਕ ਜਪ ਗਿਣਤੀ ਤੋਂ ਅਗਿਣਤ, ਜਿਸਦੇ ਜਪ ਜਾਪ ਦੀ ਕੋਈ ਥੰਮ ਥਾਮ ਨਹੀਂ, ਜਿਸ ਦੀ ਜਪ ਗਿਣਤੀ ਦਾ ਕੋਈ ਸ਼ੁਮਾਰ ਨਹੀਂ। ਅਥਾਹ ਜਪਣ ਸ਼ੁਮਾਰ ਵਾਲਾ ਜਾਪ, ਸੋ ਕਹੀਐ ਅਜਪਾ ਜਾਪ। ਅਜਪ ਅਟਕ ਤੇ ਬਾਹਰਾ ਜਪ, ਹਦ ਥਾਹ ਤੋਂ ਅਗੋਚਰਾ ਜਾਪ, ਸੋ ਹੈ ਅਜਪਾ ਜਾਪ, ਜਿਸ ਨੂੰ ਦਿਨ ਰਾਤ ਸੁਆਸਿ ਸੁਆਸਿ ਜਪੀ ਹੀ ਜਾਈਏ, ਜਿਸ ਜਾਪ ਤੋਂ ਕਦੇ ਭੀ ਅਜਪਾ ਨਾ ਹੋਈਐ, ਸੋ ਕਹੀਐ ਅਜਪਾ ਜਾਪ।

ਜਾਪ ਕੀ ? ਤੇ ਜਾਪ ਰਹਿਤ ਕੀ ? ਅਜਪਾ ਦੇ ਅਰਥ ਜਪ ਰਹਿਤ ਯਾ ਜਾਪ ਰਹਿਤ ਹੋ ਹੀ ਨਹੀਂ ਸਕਦੇ, ਨਾਲੇ ਜਾਪ ਨਾਲੇ ਅਜਾਪ। ਜਾਪ ਜੋ ਜਪਿਆ ਨਾ ਜਾਏ, ਇਹ ਅਰਥ ਅਜਪਾ ਜਾਪ ਦੇ ਫਬਦੇ ਹੀ ਨਹੀਂ। ਜਾਪ ਕੀ ? ਤੇ ਅਜਪਾ ਕੀ ? ਅਜਪਾ ਦੇ ਅਰਥ 'ਜੋ ਜਪ ਨਾ ਹੋਵੇ' ਕਰਨੇ 'ਜਾਪ' ਪਦ ਦੇ ਅਰਥਾਂ ਦੀ ਸ੍ਵੈ-ਵਿਰੋਧਤਾ (self contradiction) ਹੈ। ਜਿਥੇ "ਜਾਪ ਸੁ ਅਜਪਾ ਜਾਪੈ"* ਦੇ ਹੁਕਮ ਵਾਲਾ ਗੁਰਵਾਕ ਹੈ ਓਥੇ ਤਾਂ ਸਪਸ਼ਟ ਜਾਪ ਜਪਾਣ ਦਾ ਹੁਕਮ ਹੈ, ਸੋ ਜਦ ਜਾਪ ਜਪਣ ਦਾ ਹੁਕਮ ਹੈ ਤਾਂ ਅਜਪਾ ਪਦ ਦੇ ਅਰਥ 'ਜਾਪ ਰਹਿਤ' ਨਹੀਂ ਹੋ ਸਕਦੇ। ਮਨ ਖਿਆਲੇ ਜਾਪ ਨੂੰ ਅਜਪਾ ਜਾਪ ਦਸਣਾ 'ਜਪ' 'ਜਾਪ' ਪਦਾਂ ਨਾਲ ਮਖੌਲ ਕਰਨਾ ਹੈ। ਐਸੇ ਅਰਥਾਂ ਵਾਲੇ ਅਜਪਾ ਜਾਪ ਨੂੰ ਮਨ-ਖਿਆਲਿਆ ਖਿਆਲ ਕਹਿਣਾ ਠੀਕ ਹੋਵੇਗਾ। ਵਾਕਈ ਐਸੇ ਜੋਗ ਜੁਗਤੀਸ਼ਰੀ ਲੋਗ ਨਿਰੇ ਮਨ ਦੇ ਖਿਆਲ ਨੂੰ ਹੀ ਮੁਖ ਰਖਦੇ ਹਨ। ਮਨ-ਕਲਪੀਆਂ ਖਿਆਲ ਬਿਰਤੀਆਂ ਟਿਕਣ ਟਿਕਾਉਣ ਨੂੰ ਚਿਤ ਬਿਰਤੀਆਂ ਦੀ ਇਕਾਗਰਤਾ ਦਸਦੇ ਹਨ। ਸ਼ਬਦ ਜਾਪ ਨੂੰ ਨਾਮ ਮਾਤਰ ਵਿਚਕਾਰ ਰਖ ਕੇ ਅੱਖੀਂ ਘੱਟਾ ਪਾਉਂਦੇ ਹਨ, ਜੈਸਾ ਕਿ ਅੱਗੇ ਜਾ ਕੇ ਉਹ ਲਿਖਦੇ ਹਨ। ਦੇਖੋ ਕੀ ਲਿਖਦੇ ਹਨ। ਲਓ :

'ਪ੍ਰਾਣੀ ਜਦ ਇਕਾਗਰ-ਚਿਤ ਹੁੰਦਾ ਹੈ ਤਾਂ ਉਸ ਨੂੰ ਆਪਣੇ ਆਪ ਹੀ ਨਾਮ ਧੁਨੀ ਸੁਣਾਈ ਦਿੰਦੀ ਹੈ। ਇਕਾਗਰਤਾ ਨਾਲ ਬ੍ਰਿਤੀ ਸੂਖਮ ਹੁੰਦੀ ਹੈ ਤੇ ਫਿਰ ਨਾਮ ਦੀ ਧੁਨੀ ਸੁਣਾਈ ਦਿੰਦੀ ਹੈ।'

ਇਕਾਗਰ ਚਿਤ ਹੋਣ ਦਾ ਸਾਧਨ ਇਥੇ ਉਹਨਾਂ ਕੁਝ ਨਹੀਂ ਦਸਿਆ। ਮਾਨੋਂ ਆਪੋਂ ਹੀ ਬਿਰਤੀਆਂ ਇਕਾਗਰ ਹੋ ਸਕਦੀਆਂ ਹਨ। ਨਾਮ ਜਾਪ ਦੇ ਸਾਧਨ ਦਾ ਇਥੇ ਨਾਉਂ ਨਹੀਂ ਲਿਆ, ਬਲਕਿ ਦਸਿਆ ਹੈ ਕਿ ਇਕਾਗਰ ਚਿਤ ਹੋਣ ਪਸਚਾਤ ਇਸ ਇਕਾਗਰਤਾ ਦੇ ਆਸਰੇ ਨਾਮ ਧੁਨੀ ਸੁਣਾਈ ਦਿੰਦੀ ਹੈ। ਗੋਇਆ ਪਹਿਲਾਂ ਨਾਮ ਜਾਪ ਦੇ ਸਾਧਨ ਦੀ ਲੋੜ ਨਹੀਂ। ਨਾਮ ਜਾਪ ਦੀ ਸਾਧਨ-ਸਹਾਇਤਾ ਬਿਹੂਣ ਇਕਾਗਰ ਚਿਤ ਹੋਣਾ ਗੁਰਮਤਿ ਆਸ਼ੇ ਤੋਂ ਉੱਕਾ ਹੀ ਪ੍ਰਤਿਕੂਲ ਹੈ। ਇਹ ਤਾਂ ਉਹੋ ਰਾਧਾ ਸੁਆਮੀਆਂ ਵਾਲੀ ਗੱਲ ਹੋਈ। ਫਰਕ ਸਿਰਫ ਇਤਨਾ ਹੀ ਹੈ ਕਿ ਰਾਧਾ ਸੁਆਮੀ ਅੱਖਾਂ, ਨਾਸਾਂ, ਕੰਨਾਂ ਨੂੰ ਮੁੰਦ ਕੇ ਧੁਨੀਆਂ ਸੁਣਦੇ ਹਨ ਅਤੇ ਅਸਾਡੇ ਵਿਦਵਾਨ ਲਿਖਾਰੀ ਜੀ ਮਨ

*ਰਾਮਕਲੀ ਪਾਤਸ਼ਾਹੀ ੧੦



www.AKJ.Org

ਖਿਆਲ ਦੁਆਰਾ ਹੀ ਇਕਾਗਰ ਚਿਤ ਕਰ ਕੇ ਨਾਮ ਧੁਨੀਆਂ ਸੁਣਦੇ ਹਨ। ਨਾਮ ਜਾਪ ਤਾਂ ਦੋਹਾਂ ਤੋਂ ਹੀ ਕਿਨਾਰ ਰਹਿ ਗਿਆ। ਅਸਾਡੇ ਆਪਣੇ ਸਮ ਪੰਥੀ ਮਿੱਤਰ ਲਿਖਾਰੀ ਜੀ ਦੀ ਦਲੀਲ ਲੜੀ ਇਉਂ ਹੈ :

'ਮਨ ਦੇ ਖ਼ਿਆਲ ਨਾਲ ਇਕਾਗਰ-ਚਿਤ ਹੋਈਦਾ ਹੈ ਅਤੇ ਇਕਾਗਰਤਾ ਨਾਲ ਬਿਰਤੀ ਸੂਖਮ ਹੁੰਦੀ ਹੈ ਤੇ ਫਿਰ ਨਾਮ ਦੀ ਧੁਨੀ ਸੁਣਾਈ ਦਿੰਦੀ ਹੈ।'

ਇਹ ਦਲੀਲ ਉਹਨਾਂ ਦੀ ਮਨ-ਉਕਤ ਯੁਕ੍ਤੀ ਹੈ, ਗੁਰਮਤਿ ਸਾਧਨ ਯੁਕਤੀ ਨਹੀਂ ਅਤੇ ਨਾਮ-ਜਾਪ ਦੇ ਗੁਰਮਤਿ ਹੁਕਮ ਤੋਂ ਉੱਕਾ ਹੀ ਮੁਨਹਰਫ਼ ਕਰਾਉਂਦੀ ਹੈ। ਮਨ ਦੇ ਖ਼ਿਆਲ ਨਾਲ ਚਿਤ ਦੀ ਇਕਾਗਰਤਾ ਪਰਾਪਤ ਨਹੀਂ ਹੁੰਦੀ। ਨਾ ਹੀ ਅਜਿਹੀ ਇਕਾਗਰਤਾ ਨਾਲ ਬਿਰਤੀ ਸੂਖਮ ਹੁੰਦੀ ਹੈ ਅਤੇ ਨਾ ਹੀ ਇਸ ਬਿਧ ਕੋਈ ਧੁਨੀ ਸੁਣਾਈ ਦੇ ਸਕਦੀ ਹੈ। ਗੁਰਮਤਿ ਅਨੁਸਾਰ ਨਾਮ ਹੀ ਚਿਤ ਬਿਰਤੀਆਂ ਦੀ ਇਕਾਗਰਤਾ ਦਾ ਸਾਧਨ ਵਸੀਲਾ ਹੈ ਅਤੇ ਨਾਮ ਦੇ ਸਾਧਨ ਕਰਕੇ ਹੀ ਬਿਰਤੀਆਂ ਦੀ ਸੂਖਮਤਾ ਪ੍ਰਾਪਤ ਹੁੰਦੀ ਹੈ ਅਤੇ ਨਾਮ ਦੀ ਅਭਿਆਸ ਕਮਾਈ ਦੇ ਪਰਤਾਪ ਹੀ ਅਨਹਦ ਧੁਨੀਆਂ ਦੀ ਆਤਮ ਖੇਡ ਉਦੇ ਹੁੰਦੀ ਹੈ। ਮਨਾਂ ਦਾ ਮਨੋ ਮਣੀ ਖਿਆਲਿਆ ਖ਼ਿਆਲ ਸਾਧਨ ਮੂਲ ਨਹੀਂ ਹੋ ਸਕਦਾ। ਨਾ ਹੀ ਮਨ ਮੰਨਿਆ ਕੋਈ ਖ਼ਿਆਲ ਗੁਣਕਾਰੀ ਯਾ ਲਾਭਦਾਇਕ ਹੈ, ਸਗੋਂ ਨਾਮ ਬਿਹੂਣ ਜਿਤਨੇ ਭੀ ਅਵਰ ਅਨਿਕ ਪਰਕਾਰੀ ਖ਼ਿਆਲ ਹਨ, ਸੋ ਸਭ ਪ੍ਰਾਗੰਦਾ ਖ਼ਿਆਲ ਹਨ :

ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ ॥ [ਮਾਰੂ ਵਾਰ ਮ: ੫, ਪੰਨਾ ੧੦੯੭

ਆਲੂਦੇ ਖ਼ਿਆਲਾਂ ਨੇ ਤਾਂ ਆਲੂਦਗੀ ਹੀ ਵਰਤਾਉਣੀ ਹੈ। ਨਾਮ ਤੋਂ ਬਿਨਾਂ ਜਿਤਨੇ ਭੀ ਹੋਰ ਖ਼ਿਆਲ ਹਨ, ਉਹ ਤਾਂ ਉਪਰਲੇ ਗੁਰਵਾਕ ਅਨੁਸਾਰ ਸਭ ਪ੍ਰਾਗੰਦਾ ਹੀ ਹਨ। ਇਹਨਾਂ ਤੋਂ ਆਲੂਦਗੀ ਹੀ ਉਪਜਦੀ ਹੈ। ਆਲੂਦਗੀ ਤੋਂ ਇਕਾਗਰਤਾ ਕੀ ਹੋਣੀ ਸੀ, ਸਗੋਂ ਪ੍ਰਾਗੰਦਗੀ ਹੀ ਵਿਆਪਦੀ ਹੈ। ਸਾਰੀ ਕਸਰ ਇਹੋ ਹੈ ਕਿ ਅਸੀਂ ਆਪਣੀ ਅਕਲ ਨੂੰ ਗੁਰਬਾਣੀ ਦੇ ਪਿਛੇ ਨਹੀਂ ਲਾਉਂਦੇ, ਸਗੋਂ ਉਲਟਾ ਗੁਰਬਾਣੀ ਨੂੰ ਆਪਣੀ ਅਕਲ ਦੇ ਪਿਛੇ ਲਾਉਂਦੇ ਹਾਂ। ਇਸ ਤੱਤ ਅਸੂਲ ਤੋਂ ਉਖੜ ਕੇ ਨਿਰੀ ਆਪਣੀ ਅਕਲ ਦੇ ਅਧੀਨ ਹੋ ਕੇ ਭਾਵੇਂ ਲੱਖ ਪੁਸਤਕਾਂ ਲਿਖੀ ਜਾਈਏ, ਤਿਨ੍ਹਾਂ ਤੋਂ ਗੁਰਮਤਿ ਸਿਧਾਂਤਾਂ ਦਾ ਪਰਚਾਰ ਨਹੀਂ ਹੋਵੇਗਾ, ਅਕਲੀ ਢਕੋਂਸਲਿਆਂ ਦਾ ਬਿਉਪਾਰ ਹੋਵੇਗਾ।...

......ਐਸੇ ਹਕੀਮ ਫਿਲਾਸਫਰਾਂ ਅਤੇ ਉਨ੍ਹਾਂ ਦੀ ਫ਼ਿਲਾਸਫ਼ੀ ਪ੍ਰਥਾਇ ਇਹ ਅਗਲੇਰਾ ਗੁਰਵਾਕ ਘਟਦਾ ਹੈ :

ਜਗੁ ਕਊਆ ਮੁਖਿ ਚੁੰਚ ਗਿਆਨੁ ॥ ਅੰਤਰਿ ਲੋਭੁ ਝੂਠੁ ਅਭਿਮਾਨੁ ॥ ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥੧॥
ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ ॥ ਗੁਰੁ ਭੇਟੇ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ ॥੧॥ਰਹਾਉ॥
ਗੁਰਿ ਕਹਿਆ ਸਾ ਕਾਰ ਕਮਾਵਹੁ ॥ ਸਬਦੁ ਚੀਨਿ ਸਹਜ ਘਰਿ ਆਵਹੁ ॥ ਸਾਚੈ ਨਾਇ ਵਡਾਈ ਪਾਵਹੁ ॥੨॥
ਆਪਿ ਨ ਬੂਝੈ ਲੋਕ ਬੁਝਾਵੈ ॥ ਮਨ ਕਾ ਅੰਧਾ ਅੰਧੁ ਕਮਾਵੈ ॥ ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥
ਹਰਿ ਜੀਉ ਸੇਵੀਐ ਅੰਤਰਜਾਮੀ॥ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ॥ਤਿਸੁ ਨਾਲਿ ਕਿਆ ਚਲੈ ਪਹਨਾਮੀ॥੪॥
ਸਾਚਾ ਨਾਮੁ ਸਾਚੈ ਸਬਦਿ ਜਾਨੈ ॥ ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥ ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥੫॥
ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ॥ਅਉਗਣ ਕਾਟਿ ਪਾਪਾ ਮਤਿ ਖਾਈ॥ਕੰਚਨ ਕਾਇਆ ਜੋਤੀ ਜੋਤਿ ਸਮਾਈ॥੬॥
ਸਤਿਗੁਰਿ ਮਿਲਿਐ ਵਡੀ ਵਡਿਆਈ ॥ ਦੁਖੁ ਕਾਟੈ ਹਿਰਦੈ ਨਾਮੁ ਵਸਾਈ ॥ ਨਾਮਿ ਰਤੇ ਸਦਾ ਸੁਖੁ ਪਾਈ ॥੭॥
ਗੁਰਮਤਿ ਮਾਨਿਆ ਕਰਣੀ ਸਾਰੁ ॥ ਗੁਰਮਤਿ ਮਾਨਿਆ ਮੋਖ ਦੁਆਰੁ ॥ ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥
੮॥੧॥੩॥ ਬਿਲਾਵਲ ਮ: ੩ ਅਸਟਪਦੀ, ਪੰਨਾ ੮੩੨-੩੩

ਇਸ ਦੀ ਵਿਖਾਖਿਆ : ਗੁਰੂ ਦੀ ਮਤਿ ਗਹੇ ਬਾਝੋਂ, ਸਚੇ ਸਤਿਗੁਰੂ ਧੁਰੋਂ ਪਠਾਏ ਸਤਿਗੁਰੂ ਦੀ ਗੁਰਮੰਤ੍ਰ ਰੂਪੀ ਗੁਰ ਦੀਖਿਆ ਤੋਂ ਦੀਖਤ ਹੋਏ ਬਾਝੋਂ, ਕਿਸੇ ਨੂੰ ਗੁਰਮਤਿ ਗਿਆਨ ਗੁਰਮਤਿ ਨਾਮ ਦੀ ਸੂਝ ਬੂਝ ਨਹੀਂ ਹੋ ਸਕਦੀ। ਗੁਰਮਤਿ ਨਾਮੁ ਰੂਪੀ ਗੁਰ-ਗਿਆਨ ਦੀ ਅਭਿਆਸ ਕਮਾਈ ਦੀ ਅੰਮ੍ਰਿਤ ਕਲਾ ਵਰਤੇ ਬਾਝੋਂ ਆਤਮ ਪ੍ਰਮਾਤਮ ਮੰਡਲਾਂ ਦੀ ਗੰਮਤਾ ਕਿਸੇ ਨੂੰ ਨਹੀਂ ਹੋ ਸਕਦੀ, ਆਤਮ-ਗਿਆਨ ਹੀ ਨਹੀਂ ਹੋ ਸਕਦਾ। ਆਪੋਂ ਚਾਹੇ ਕੋਈ ਕਿਤਨਾ ਹੀ ਅਕਲਈਆ ਕਿਉਂ ਨਾ ਹੋਵੇ, ਓਹ ਅ-ਕਲ ਕਲਾ ਦਾ ਜਾਣੂ ਨਹੀਂ ਹੋ ਸਕਦਾ। ਆਪਣੇ ਦਿਮਾਗ ਤੋਂ ਉਪਜੇ ਦਿਮਾਗੀ



www.AKJ.Org

ਮਸਲਿਆਂ ਦੁਆਰਾ ਉਸ ਨੂੰ ਇਲਮ ਇਲਾਹੀ ਦੀ ਮਾਹੀਅਤ ਨਹੀਂ ਹੋ ਸਕਦੀ। ਸਤਿਗੁਰ-ਗਿਆਨ-ਗੰਮਤਾ ਬਿਹੂਣ ਸਭ ਜਗਤ ਪਰਮਾਰਥ ਦੇ ਪਾਸਿਓਂ ਅੰਨ੍ਹਾ ਬੋਲਾ ਹੈ। ਐਵੇਂ ਅਰਲ ਬਰਲ ਮੂੰਹੋਂ ਕਹਿੰਦਾ ਫਿਰਦਾ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ : ''ਜਗੁ ਕਊਆ ਮੁਖਿ ਚੁੰਚ ਗਿਆਨੁ ॥''

ਇਹ ਸਾਰੇ, ਜਗਤ ਦੇ ਦਿਮਾਗੀ ਫਿਲਾਸਫਰ ਸਭ ਕਊਆਂ ਕਾਵਾਂ ਦੀ ਨਿਆਈਂ ਹਨ ਅਤੇ ਉਹਨਾਂ ਦੇ ਬਾਦ-ਬਫਾਈ ਅਕਲੀ ਢਕੋਂਸਲੇ ਅਤੇ ਫਿਲਾਸਫੀ ਦੇ ਦਿਮਾਗੀ ਮਸਲੇ ਸਭ ਕਾਵਾਂ ਵਾਂਗੂੰ ਕਾਂਇ ਕਾਂਇ ਕਰਨ ਵਾਲੀਆਂ ਫੋਕਟ ਕਥਨੀਆਂ ਮਈ ਚੁੰਚ ਗਿਆਨ ਹਨ।

''ਅੰਤਰਿ ਲੋਭੁ ਝੂਠੁ ਅਭਿਮਾਨੁ ॥''

ਐਸੇ ਚੁੰਚ ਗਿਆਨੀ ਲੋਗਾਂ ਦੇ ਰਿਦੇ ਅੰਤਰਿ ਲੋਭ, ਝੂਠ ਅਤੇ ਅਭਿਮਾਨ ਹੁੰਦਾ ਹੈ। ਜੇ ਤਿੰਨੇ ਨਹੀਂ ਤਾਂ ਇਹਨਾਂ ਵਿਚੋਂ ਇਕ ਜ਼ਰੂਰ ਹੁੰਦਾ ਹੈ। ਯਾ ਤਾਂ ਲੋਭ ਦੇ ਮਾਰੇ ਕਿਸੀ ਦੁਨਿਆਵੀ ਲਾਲਸਾ ਲਈ ਉਹ ਚੁੰਚ ਗਿਆਨ ਕਥਦੇ ਹਨ ਯਾ ਉਹਨਾਂ ਨੂੰ ਸੱਚ ਦੇ ਥਾਉਂ ਝੂਠ ਦ੍ਰਿੜ੍ਹ ਹੋਇਆ ਹੁੰਦਾ ਹੈ ਅਤੇ ਇਸ ਝੂਠ ਦੇ ਗ੍ਰਸੇ ਹੋਏ ਉਹ ਚੁੰਚ ਗਿਆਨ ਚੁੰਚਦੇ ਹਨ। ਅਸਲ ਗੱਲ ਵਾਸਤਵੀ ਗੱਲ ਤਾਂ ਇਹ ਹੈ ਕਿ: ''ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥''* ਗੁਰਵਾਕ ਦੇ ਭਾਵ ਅਨੁਸਾਰ ਨਾਮ ਤੋਂ ਬਿਨਾ ਜਿਤਨੀਆਂ ਭੀ ਕਥਨੀਆਂ ਬਦਨੀਆਂ ਹਨ, ਸਭ ਕੂੜੀਆਂ ਝੂਠੀਆਂ ਅਤੇ ਹੋਛੀਆਂ ਗੱਲਾਂ ਹਨ। ਇਨ੍ਹਾਂ ਹੋਛੀਆਂ ਗੱਲਾਂ ਦੇ ਹੰਕਾਰ ਪ੍ਰਾਇਣ ਹੋ ਕੇ ਉਹ ਮਤਸਰੀ ਚੁੰਚ ਗਿਆਨੀਏ ਬਣਦੇ ਹਨ। ਤਾਂ ਤੇ ਉਹਨਾਂ ਦੇ ਅੰਤਰ ਅਭਿਮਾਨ ਹੀ ਅਭਿਮਾਨ ਹੁੰਦਾ ਹੈ। ਨਾਮ ਦਾ ਨਿਸ਼ਾਨ (ਨਮੂਦ) ਭੀ ਨਹੀਂ ਹੁੰਦਾ। ਆਤਮ ਗਿਆਨ ਦੇ ਅਕਲੀ ਢਕੋਂਸਲਿਆਂ ਨੂੰ ਨਾਮ ਆਖਣਾ ਗ਼ਲਤ-ਫਹਿਮੀ ਹੈ। ਐਸੇ ਅਕਲੀ ਢਕੋਂਸਲੇ ਘੜਨਹਾਰਿਆਂ ਦਾ– ''ਬਿਨੁ ਨਾਵੈ ਪਾਜੁ ਲਹਗੁ ਨਿਦਾਨ ॥੧॥''
ਵਾਲੇ ਗੁਰਵਾਕ ਦੇ ਭਾਵ ਅਨੁਸਾਰ ਨਾਮ ਹੀਣ ਹੋਣ ਕਰਕੇ ਓੜਕ ਇਕ ਦਿਨ ਪਾਜ ਲਹਿ ਜਾਵੇਗਾ। ਅਤੇ

''ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ ॥''

ਗੁਰਵਾਕ ਦੇ ਭਾਵ ਅਨੁਸਾਰ ਕੇਵਲ ਸਤਿਗੁਰੂ ਦੇ ਸੇਵਕਾਂ ਸਿਖਾਂ ਨੂੰ ਹੀ ਨਾਮ ਵਥ ਦੀ ਪ੍ਰਾਪਤੀ ਹੁੰਦੀ ਹੈ ਅਤੇ ''ਗੁਰ ਕੀ ਸੇਵਾ ਗੁਰ ਭਗਤਿ ਹੈ''‡ ਰੂਪੀ ਗੁਰਵਾਕ ਦੇ ਭਾਵ ਅਨੁਸਾਰ ਗੁਰ-ਭਗਤੀ ਅਰਥਾਤ ਸਚੀ ਨਾਮ ਅਭਿਆਸ ਕਮਾਈ ਹੀ ਗੁਰੂ ਕੀ ਸੱਚੀ ਸੇਵਾ ਹੈ। ਤਾਂ ਤੇ ਸਤਿਗੁਰੂ ਦਾ ਸਿਖ ਬਣ ਕੇ, ਗੁਰਮੰਤ੍ਰ ਰੂਪੀ ਗੁਰ ਦੀਖਿਆ ਲੈ ਕੇ ਹੀ ਗੁਰਮੰਤ੍ਰ ਰੂਪੀ ਅਭਿਆਸ ਹਿਰਦੇ ਅੰਦਰ ਦ੍ਰਿੜ੍ਹ ਹੁੰਦਾ ਹੈ ਅਤੇ ਇਸ ਬਿਧਿ ਨਾਮ ਦੇ ਰਿਦੰਤਰਿ ਦ੍ਰਿੜ੍ਹ ਹੋਣ ਕਰਿ ਹੀ ਸੱਚੀ ਨਾਮ ਅਭਿਆਸ ਕਮਾਈ ਹੋਇ ਆਂਵਦੀ ਹੈ ਅਤੇ ਇਸ ਨਾਮ ਅਭਿਆਸ ਕਮਾਈ ਕਰ ਨਾਮ ਹੋਰ ਵੀ ਅਨੰਤ ਕਲਾ ਕਰਿ ਹਿਰਦੇ ਅੰਦਰ ਵਸਦਾ ਹੈ ਅਤੇ ਵਸ ਰਸ ਕੇ ਅਨਿਕ ਤਰੰਗਾਂ ਕਰਿ ਫਲਦਾ ਫੁਲਦਾ ਅਤੇ ਮੌਲਦਾ ਹੈ। ਸਤਿਗੁਰ ਦਾ ਸਿਖ ਬਣਨ ਤੋਂ ਮਨ ਅਤੇ ਚਿਤ ਵਿਖੇ ਨਾਮ ਵਸਦਾ ਹੈ। ਰਹਾਉ ਤੋਂ ਪਹਿਲੀ ਤੁਕ ਇਸ਼ ਗੱਲ ਦੀ ਹੋਰ ਪ੍ਰੋੜ੍ਹਤਾ ਕਰਦੀ ਹੈ :

''ਗੁਰੁ ਭੇਟੈ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰੁ ਝੂਠੁ ਪਰੀਤਿ ॥੧॥ਰਹਾਉ॥

ਜਦ ਗੁਰੂ ਨੂੰ ਗੁਰਮਤਿ ਮਰਯਾਦਾ ਅਨੁਸਾਰ ਭੇਟਿਆ (ਧਾਰਨ ਕੀਤਾ) ਜਾਂਦਾ ਹੈ ਤਾਂ ਸਗੁਰੇ (ਗੁਰਸਿਖ) ਪੁਰਸ਼ ਨੂੰ ਗੁਰੂ ਆਪਣੀ ਗੁਰਮੰਤ੍ਰ ਰੂਪੀ ਗੁਰ ਦੀਖਿਆ ਦੇ ਕੇ ਨਾਮ ਚੇਤਾਵੰਦਾ ਹੈ। ਨਿਗੁਰੇ ਨਿਗੋਸਾਏ ਪੁਰਸ਼ ਨੂੰ ਨਾਮ ਕਦੇ ਪ੍ਰਾਪਤ ਨਹੀਂ ਹੋ ਸਕਦਾ ਅਤੇ ਨਾਮ ਬਿਨਾਂ ਹੋਰ ਜਿਤਨੀਆਂ ਭੀ ਆਲੂਦ-ਖ਼ਿਆਲੀਆਂ ਅਤੇ ਕਚ-ਕਥਨੀਆਂ ਹਨ, ਸਭ ਕੂੜ ਕੁਸੱਤ ਦੇ ਕੁਚਸਕੇ (ਝੂਠ ਪ੍ਰੀਤਾਂ) ਹਨ। ਸਤਿਗੁਰ ਨੂੰ ਭੇਟ ਕੇ ਅਤੇ ਸਤਿਗੁਰ ਦਾ ਸਿਖ ਬਣ ਕੇ ਫੇਰ ਜੋ ਹੁਕਮ ਗੁਰੂ ਸਤਿਗੁਰੂ ਆਪਣੀ ਗੁਰਦੀਖਿਆ ਦੁਆਰਾ ਦਿੰਦੇ ਹਨ, ਉਸ ਅਨੁਸਾਰ ਗੁਰ ਸਬਦੁ ਚੀਨ ਹੁੰਦਾ ਹੈ ਅਤੇ ਉਸ ਹੁਕਮਨ ਸਿਰ ਹੁਕਮ ਅਨੁਸਾਰ ਕਾਰ ਕਮਾਵਣੀ ਕੀ ਹੈ ? ਨਾਮ ਜਪਣਾ ਹੈ। ਸੋ ਸਤਿਗੁਰੂ ਦਾ ਹੁਕਮ ਮੰਨਦੇ ਹੋਏ

---

*ਸੂਹੀ ਮ: ੫, ਪੰਨਾ ੭੬੧    ‡ਸਿਰੀ ਰਾਗੁ ਮ: ੩, ਪੰਨਾ ੬੬



www.AKJ.Org

ਨਾਮ ਦ੍ਰਿੜ੍ਹ ਕਰ ਕੇ, ਨਾਮ ਅਭਿਆਸ ਕਮਾਈ ਕਰ ਕੇ ਹੀ ਸਹਜ ਅਵਸਥਾ ਦੇ ਘਰ ਵਾਲੇ ਪਰਮ ਪਦ ਦੀ ਗੰਮਤਾ ਹੁੰਦੀ ਹੈ ਅਤੇ ਇਸ ਬਿਧ ਸਚੇ ਨਾਮ ਦੀ ਬਰਕਤ ਕਰਕੇ ਹੀ ਇਸ ਪਦ ਪੁਜਣ ਵਾਲੀ ਸੱਚੀ ਵਡਿਆਈ ਪਾਈਦੀ ਹੈ। ਜੈਸਾ ਕਿ ਏਸੇ ਵਾਕ ਦੀਆਂ ਏਹਨਾਂ ਅਗਲੇਰੀਆਂ ਤੁਕਾਂ ਤੋਂ ਸਿਧ ਹੁੰਦਾ ਹੈ :

"ਗੁਰਿ ਕਹਿਆ ਸਾ ਕਾਰ ਕਮਾਵਹੁ ॥ ਸਬਦੁ ਚੀਨਿ੍ ਸਹਜ ਘਰਿ ਆਵਹੁ ॥ ਸਾਚੈ ਨਾਇ ਵਡਾਈ ਪਾਵਹੁ ॥੨॥"

ਗੁਰ ਦੀਖਿਆ ਦੀ ਉਪਰ ਨਿਰਣਾਈ ਕਾਰ ਕਮਾਈ ਦੇ ਕਮਾਏ ਬਿਹੂਣ ਜੋ ਆਪੇ ਹੀ ਬੂਝ ਬੁਝੱਕੜ ਗਿਆਨੀ ਬਣ ਬਣ ਬਹਿੰਦੇ ਹਨ, ਉਹਨਾਂ ਪ੍ਰਤਿ ਹੀ ਅਗਲੇਰੀਆਂ ਗੁਰਵਾਕ ਦੇ ਤੀਜੇ ਅੰਕ ਵਾਲੀਆਂ ਤ੍ਰੈ-ਤੁਕੀ ਪੰਗਤੀਆਂ ਘਟਦੀਆਂ ਹਨ :

"ਆਪੁ ਨ ਬੂਝੈ ਲੋਕ ਬੁਝਾਵੈ ॥ ਮਨ ਕਾ ਅੰਧਾ ਅੰਧੁ ਕਮਾਵੈ ॥ ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥"

ਆਪੋਂ ਉਪੰਨੀ ਅਲਪੁੱਗ ਮੱਤ ਦੁਆਰਾ ਕੋਈ ਪ੍ਰਾਣੀ ਤਤ ਪਰਮਾਰਥ ਨੂੰ ਬੁਝ ਨਹੀਂ ਸਕਦਾ। ਬੜੀ ਹਾਸੀ ਵਾਲੀ ਗੱਲ ਤਾਂ ਇਹ ਹੈ ਕਿ ਆਪਣੇ ਆਪ ਤਾਂ ਓਹ ਤਤ ਪਰਮਾਰਥ ਦੀ ਸੂਝ ਬੂਝ ਨਹੀਂ ਰਖਦਾ, ਲੋਕਾਂ ਨੂੰ ਬੁਝਾਉਂਦਾ ਹੈ। ਜੋ ਮਨੋਂ ਅੰਧਾ ਹੈ ਉਸ ਦੀ ਕਮਾਈ ਭੀ ਅੰਧ ਧੁੰਧ ਹੈ, ਉਸ ਦੇ ਕੰਮ ਭੀ ਅੰਧ ਹਨ ਅਤੇ ਉਸਦਾ ਵਰਤਾਰਾ ਭੀ ਅੰਧ ਵਰਤਾਰਾ ਹੈ, ਓਹ 'ਦਰੁ ਘਰੁ ਮਹਲੁ ਠਉਰੁ' ਕੈਸੇ ਪਾ ਸਕਦਾ ਹੈ। ਐਸੇ ਅੰਧ ਧੁੰਧ ਪਾਖੰਡ ਵਰ੍ਤਾਰੇ ਵਾਲੇ ਅੰਧ ਵਿਸ਼ਵਾਸ ਦੁਆਰਾ ਉਸ ਅੰਤਰਯਾਮੀ ਪਰਮਾਤਮਾ ਨੂੰ ਨਹੀਂ ਪਾ ਸਕੀਦਾ। ਕੇਵਲ ਸੇਵਾ ਭਗਤੀ ਰੂਪੀ ਨਾਮ ਅਭਿਆਸ ਕਮਾਈ ਦੁਆਰਾ ਹੀ ਪਾਈਦਾ ਹੈ, ਜਿਸ ਪ੍ਰਭੂ ਅੰਤਰਯਾਮੀ ਦੀ ਜਾਗਤ ਜੋਤਿ ਸਗਲਿਆਂ ਘਟਾਂ ਅੰਤਰਿ ਸਮਾ ਰਹੀ ਹੈ, ਉਸ ਨਾਲ ਲੁਕਾਇ ਛੁਪਾਇ ਮਈ ਦੁਰਾਚਾਰੀ ਵਾਲਾ ਪਾਖੰਡ ਨਹੀਂ ਚਲ ਪੁਗ ਸਕਦਾ। ਗੱਲੀਂ ਬਾਤੀਂ ਉਸ ਦੀ, ਉਸ ਦੇ ਨਾਮ ਦੀ ਗਤਿ ਮਿਤ ਜਾਨਣ ਦੀ ਕੋਈ ਡੀਂਗ ਨਹੀਂ ਮਾਰ ਸਕਦਾ। ਬਲਕਿ :

"ਸਾਚਾ ਨਾਮੁ ਸਾਚੈ ਸਬਦਿ ਜਾਨੈ ॥ ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥ ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥੫॥"

ਸਚੇ ਨਾਮ ਦੀ ਗਤਿ ਮਿਤਿ ਸਚੇ ਗੁਰ ਸ਼ਬਦ ਗੁਰਮੰਤ੍ਰ ਮਿਲਣ ਪਰ ਹੀ ਜਾਣੀ ਜਾ ਸਕਦੀ ਹੈ। ਸਚੇ ਨਾਮ ਦੀ ਗੁਰਮਤਿ ਕਮਾਈ ਦੁਆਰਾ ਨਾਮੀ ਅਕਾਲ ਪੁਰਖ ਆਪਣੇ ਆਪ ਆ ਮਿਲਦਾ ਹੈ ਅਤੇ ਇਸ ਬਿਧ ਨਾਮ ਦਾ ਹੀ ਰੂਪ ਹੋ ਜਾਣ ਪਰ, 'ਤੂੰ ਤੂੰ ਕਰਤਾ ਤੂੰ' ਹੋ ਜਾਣ ਪਰ ਹੀ ਮਾਨ ਅਭਿਮਾਨ ਵਾਲੀ ਮਤਸਰ ਵਿਦਹੁ ਚੁਕਾਈਦੀ ਹੈ। ਗੁਰ-ਦੀਖਤ ਨਾਮ ਨੂੰ ਸਦਾ ਸਦਾ ਖਿਨ ਖਿਨ ਜਪਣ ਅਤੇ ਜਪਦੇ ਰਹਿਣ ਦਾ ਇਹ ਪਾਰਸ ਕਲਾ ਪਰਭੂਤੀ ਫਲ ਹੈ। ਇਹ ਉਪਰਲੇ ਗੁਰ ਪ੍ਰਮਾਣ ਦੇ ਚੌਥੇ ਪੰਜਵੇਂ ਅੰਕ ਦਾ ਅਨੁਵਾਦ ਹੈ। ਇਸ ਬਿਧ ਗੁਰ ਦੀਖਤ ਨਾਮ ਸੁਆਸਿ ਸੁਆਸਿ ਨਿਮਖ ਨਿਮਖ ਜਪਣਾ ਹੀ ਸਤਿਗੁਰ ਦੀ ਸਚੀ ਸੇਵਾ ਹੈ ਅਤੇ ਸਚੀ ਗੁਰਮਤਿ ਹੈ ਅਤੇ ਇਸ ਬਿਧ ਹਰਿ ਛਿਨ ਗੁਰ ਦੀਖਤ ਨਾਮ ਗੁਰਮੰਤ੍ਰ ਨੂੰ ਜਪਣ ਰੂਪੀ ਸਤਿਗੁਰ ਸੇਵਾ ਮਈ ਸਚੀ ਗੁਰਮਤਿ ਗ੍ਰਹਿਣ ਕਰਨ ਕਰ ਹੀ ਦੂਜੀ ਦੁਰਮਤਿ ਮਤ ਦਾ ਬਿਨਾਸ ਹੁੰਦਾ ਹੈ।

"ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥ ਅਉਗਣ ਕਾਟਿ ਪਾਪਾ ਮਤਿ ਖਾਈ ॥
ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥"

ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਸਤਿਗੁਰ ਸੇਵਾ ਦੀ ਪਾਰਸ ਭੂਤੀ ਅੰਮ੍ਰਿਤ ਮੰਤ੍ਰਾਇਣੀ ਕਲਾ ਦੁਆਰਾ ਦੂਜੇ ਭਾਵ ਦੀ ਦੁਰਮਤਿ ਬੁਧੀ ਦਾ ਬਿਨਾਸ ਸੁਖੈਨ ਹੀ ਹੋ ਜਾਂਦਾ ਹੈ ਅਤੇ ਦੁਰਮਤਿ ਬੁਧੀ ਤੋਂ ਉਪਜੇ ਸਭ ਅਵਗੁਣ ਕਟੇ ਜਾਂਦੇ ਹਨ ਅਤੇ ਇਸ ਬਿਧ ਪਾਪਾਂ ਵਾਲੀ ਦੁਰਮਤਿ ਮਤਿ ਖੈ ਹੋ ਜਾਂਦੀ ਹੈ ਅਤੇ ਸਰਬੋਤਮ ਸ੍ਰੇਸ਼ਟ ਸਿੱਟਾ ਗੁਰਮਤਿ ਨਾਮ ਅਭਿਆਸ ਕਮਾਈ ਦਾ ਇਹ ਨਿਕਲਦਾ ਹੈ ਕਿ ਨਾਮ ਅਭਿਆਸੀ ਦੀ ਕਾਇਆ ਕੰਚਨ ਵੰਨੀ ਤੇ ਜੋਤਿ ਜਗੰਨੀ ਹੋ ਜਾਂਦੀ ਹੈ ਅਤੇ ਗੁਰਮਤਿ ਨਾਮੁ ਅਭਿਆਸ ਕਮਾਈ ਕਰਨਹਾਰੇ ਦਾ ਓੜਕ ਜੋਤੀ ਜੋਤਿ ਸਮਾਵਣਾ ਹੋ ਜਾਂਦਾ ਹੈ।

"ਸਤਿਗੁਰਿ ਮਿਲਿਐ ਵਡੀ ਵਡਿਆਈ ॥ ਦੁਖੁ ਕਾਟੈ ਹਿਰਦੈ ਨਾਮੁ ਵਸਾਈ ॥ ਨਾਮਿ ਰਤੇ ਸਦਾ ਸੁਖੁ ਪਾਈ ॥੭॥"



www.AKJ.Org

ਐਸੇ ਸਤਿਗੁਰ ਨੂੰ ਮਿਲਣ ਕਰਿ ਗੁਰਸਿਖ ਸਤਿਗੁਰ ਮਿਲਣਹਾਰੇ ਦੀ ਵਡੀ ਵਡਿਆਈ ਹੁੰਦੀ ਹੈ । ਜੋ ਗੁਰਸਿਖ ਦੇ ਹਿਰਦੇ ਅੰਦਰ ਨਾਮ ਨੂੰ ਵਸਾ ਕੇ ਉਸ ਦੇ ਸਭ ਦੂਖ ਕਟ ਦਿੰਦਾ ਹੈ ਅਤੇ ਗੁਰ ਪ੍ਰਸਾਦਿ ਹਿਰਦੇ ਨਾਮ ਦਾ ਨਿਵਾਸ ਅਤੇ ਨਾਮ ਰੰਗਾਂ ਵਿਚ ਰਤੇ ਜਾਣ ਕਰਿ ਨਾ ਸਿਰਫ ਦੁਖਾਂ ਦਾ ਬਿਨਾਸ ਹੀ ਹੁੰਦਾ ਹੈ ਬਲਕਿ ਅਬਿਨਾਸੀ ਸੁਖ ਦੀ ਪ੍ਰਾਪਤੀ ਹੁੰਦੀ ਹੈ । ਤਾਂ ਤੇ :

"ਗੁਰਮਤਿ ਮਾਨਿਆ ਕਰਣੀ ਸਾਰੁ ॥ ਗੁਰਮਤਿ ਮਾਨਿਆ ਮੋਖ ਦੁਆਰੁ ॥
ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥੮॥"

ਗੁਰਮਤਿ ਧਰਮ ਧਾਰਨ ਕਰਿ ਹੀ "ਸੁਕ੍ਰਿਤ ਕਰਨੀ ਸਾਰੁ ਜਪੁ ਮਾਲੀ"* ਵਾਲੀ ਪੂਰਨ ਘਾਲ ਥਾਂਇ ਪੈਂਦੀ ਹੈ ਅਤੇ ਗੁਰਮਤਿ ਮਤ ਧਾਰਨ ਕੀਤੇ ਹੀ ਮੋਖ ਦੁਆਰ ਦੀ ਪ੍ਰਾਪਤੀ ਹੁੰਦੀ ਹੈ ਅਤੇ ਗੁਰਮਤਿ ਧਰਮ ਦਾ ਪੂਰਨ ਧਾਰਨੀ ਹੋਣ ਕਰ ਪਰਵਾਰੈ ਸਾਧਾਰ ਵਾਲੀ ਪੁਨੀਤ ਪਦਵੀ ਪ੍ਰਾਪਤ ਹੁੰਦੀ ਹੈ । ਐਸੀ ਸਰਧਾ ਭਾਵਨੀ ਜਿਨ੍ਹਾਂ ਦੀ ਗੁਰਮਤਿ ਉਪਰ ਆਈ ਹੈ, ਉਹ ਡਾਵਾਂ ਡੋਲ ਹੋਏ ਇਤਰ ਮਤਾਂ ਵਾਲੇ ਮਨਮਤੀਆਂ ਦੀਆਂ ਕੁਛਤ ਕਛੋਤ ਕਰਨੀਆਂ ਵਾਲੀਆਂ ਕਪੋਲ ਕਥਨੀਆਂ ਉਪਰ ਕਦੇ ਨਹੀਂ ਰੀਝਦੇ । ਉਹ ਤਾਂ ਕੇਵਲ ਗੁਰਮਤਿ ਦ੍ਰਿੜ੍ਹਾਏ, ਗੁਰਮਤਿ ਦਰਸਾਏ ਨਾਮ ਨੂੰ ਹੀ ਮੁਕਤ ਦਾਤਾ, ਗੁਰਮਤਿ ਨਾਮ ਨੂੰ ਅੰਮ੍ਰਿਤ ਰਸਾਇਣੀ ਪਾਰਸ ਅਕਸੀਰ ਮਨ, ਬਚ, ਕਰਮ ਕਰਕੇ ਨਿਸਚਿਤ ਕਰਦੇ ਹਨ । ਅਸਾਡੇ ਅੰਮ੍ਰਿਤ ਰੀਝਾਇਣੀ ਰਸਾਇਣੀ ਜੀ ਖਾਸ ਨਾਮ ਗੁਰਮੰਤਰ ਨੂੰ ਅੰਮ੍ਰਿਤ ਕਲਾ ਸੰਪੰਨ ਨਹੀਂ ਮੰਨਦੇ । ਖ਼ਿਆਲ ਅਤੇ ਪ੍ਰੀਤ ਦੀ ਉਕਤੀ ਜੁਗਤੀ ਕਰਿ ਅਰਥਾਤ ਮਨ-ਉਕਤ ਜੁਗਤੀ ਕਰਿ ਮਨ-ਮੰਨਿਆ ਨਾਮ (ਗੁਰਮਤਿ ਨਾਮ ਨਹੀਂ) ਅਨੁਮਾਨਣ ਕਰਿ ਉਹਨਾਂ ਦੇ ਅਭਿਪਰੇ ਅਨੁਸਾਰ ਉਹਨਾਂ ਦੀ ਮਨ-ਮੰਨੀ ਅੰਮ੍ਰਿਤ ਕਲਾ ਤੋਂ ਉਹ ਉਕੇ ਅਣਜਾਣ ਹਨ ।

---

## ਆਤਮਿਕ ਜੀਵਨ ਬੁਧੀ ਦੀ ਖੇਡ ਨਹੀਂ

ਆਤਮ-ਜੀਵਨ ਨੂੰ ਅਕਸਰ ਲੋਕੀ ਦਿਮਾਗੀ (intellectual) ਖੇਡ ਬਣਾਇਆ ਲੋੜਦੇ ਹਨ, ਪਰ ਰੂਹਾਨੀਅਤ (spiritualism) ਦੇ ਗੂੜ੍ਹ ਆਤਮਿਕ ਭੇਦ ਨੂੰ ਸਮਝਣ ਲਈ ਨਿਰਾ ਮਾਨਸਿਕ ਸ਼ਕਤੀ ਤੇ ਬੁਧੀ ਬਲ (intellectualism) ਦੁਆਰਾ ਕਿਵੇਂ ਤਸੱਲੀ ਹੋ ਸਕਦੀ ਹੈ । ਐਵੇਂ ਦਿਲ-ਪ੍ਰਚਾਵਾ ਹੀ ਹੈ । ਮਾਨਸਿਕ ਵਿਦਿਆ ਦੇ ਟੀਸੀ ਦੇ ਵਿਦਵਾਨ ਭੀ ਆਤਮਾ ਦੀ ਪ੍ਰਮਾਰਥਿਕ ਕਥਾ (divinity) ਨੂੰ ਅਧਿਆਤਮਿਕ ਤੇ ਦਾਰਸ਼ਨਿਕ ਵਿਆਖਿਆ (ਅਰਥਾਤ ਫਿਲਾਸਫ਼ੀ) ਦੁਆਰਾ ਗਾਖ ਨਹੀਂ ਸਕਦੇ । ਪਰਮ ਆਤਮਿਕ ਨੌਈਅਤ ਗਾਖਣ (ਖੋਜਣ) ਪਰਖਣ ਲਈ ਅਧਿਆਤਮਿਕ ਤੇ ਮਾਨਸਿਕ ਬੁਧੀ ਵਾਲੀਆਂ ਅਲਪੱਗ ਕਸੌਟੀਆਂ ਲਾਉਣਾ ਬਹੁਤ ਅਨੁਚਿਤ ਹੈ ।

—ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਰਮਜ਼ਾਂ' ਚੋਂ

---

* ਭੈਰਉ ਮ: ੪, ਪੰਨਾ ੧੧੩੪



www.AKJ.Org

# "ਕੋਊ ਮ੍ਰਿਤਾਨ ਕੋ ਪੂਜਨ ਧਾਇਓ"

(ਪ੍ਰੋਫੈਸਰ ਗੁਤਮੁਖ ਸਿੰਘ ਜੀ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਖਸ਼ੇ ਨਿਤਨੇਮ ਦੀ ਬਾਣੀ ਸੁਧਾ ਸਵੱਯੇ ਦੀਆਂ ਅੰਤਲੀਆਂ ਤੁਕਾਂ ਹਨ :–

ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ, ਸ੍ਰੀ ਭਗਵਾਨ ਕੋ ਭੇਦ ਨ ਪਾਇਓ ॥

(ਸਵਯੇ ਪਾਤਸ਼ਾਹੀ ੧੦)

ਕਿਆ ਕਮਾਲ ਦੀ ਸੇਧ ਹੈ । ਸਤਿਗੁਰਾਂ ਦੀ ਲੰਮੀ ਨਦਰਿ ਸ੍ਰੀ ਭਗਵਾਨ ਨਾਲ ਅਭੇਦ ਹੋਣ ਤੇ ਹੈ । ਆਪ ਨੇ ਸਮਕਾਲੀ ਧਰਮਾਂ ਦੇ ਮੰਨਣ ਵਾਲਿਆਂ ਦੇ ਸ਼ਰਧਾਲੂਆਂ ਦੇ ਜੀਵਨ ਤੋਂ ਉਪਰੋਕਤ ਫੁਰਮਾਨ ਅਨੁਸਾਰ ਸਹੀ ਅੰਦਾਜ਼ਾ ਲਗਾ ਲਿਆ ਜਾਪਦਾ ਹੈ ਕਿ ਕੋਈ ਤਾਂ ਬੁੱਤਾਂ ਨੂੰ ਇਸ ਲਈ ਰੱਬ ਮੰਨੀ ਬੈਠੇ ਹਨ ਕਿ ਸਾਕਾਰ (ਦਿਸਦੇ) ਬੁੱਤਾਂ ਦੀ ਪੂਜਾ ਤੋਂ ਨਿਰਾਕਾਰ ਵਲ ਵਧਿਆ ਜਾਏਗਾ । ਪਰ ਇਹ ਦਲੀਲ ਅਮਲੀ ਤੌਰ ਤੇ ਬਿਲਕੁਲ ਗਲਤ ਸਾਬਤ ਹੋਈ ਹੈ ਕਿਉਂਕਿ–"ਬੁਤ ਪੂਜਿ ਪੂਜਿ ਹਿੰਦੂ ਮੂਏ" (ਕਬੀਰ ਜੀ–੬੫੪) ਖਤਮ ਹੋ ਗਏ, ਪਰ ਸਾਕਾਰ ਬੁੱਤਾਂ ਤੋਂ ਨਿਰਾਕਾਰ (ਅਣਦਿਸਦੇ) ਵਾਹਿਗੁਰੂ ਜੀ ਵਲ ਨਹੀਂ ਆ ਸਕੇ । ਇਸ ਲਈ ਸਤਿਗੁਰੂ ਜੀ ਦੇ ਬਚਨਾਂ ਅਨੁਸਾਰ ਬੁੱਤਾਂ ਨੂੰ ਪੂਜਣ ਵਾਲੇ ਭੇਡ-ਚਾਲ ਅਧੀਨ ਪਸ਼ੂ ਹੀ ਹਨ ।

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀਂ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥੨॥੨੦॥

(ਮ: ੧, ਬਿਹਾਗੜੇ ਕੀ ਵਾਰ, ਪੰਨਾ ੫੫੬)

ਪਰ ਮ੍ਰਿਤਾਨ ਦੀ ਪੂਜਾ ਦੇ ਅਰਥ ਹੁਣੇ ਜਿਹੇ ਸਮਝ ਆਏ ਹਨ । ਬਿਪਰ (ਬ੍ਰਾਹਮਣ) ਹਿੰਦੂ ਸਮਾਜ ਦਾ ਧਾਰਮਕ ਆਗੂ ਜੁਗਾਂ ਤੋਂ ਤੁਰਿਆ ਆਉਂਦਾ ਹੈ । ਸਚੇ ਪਾਤਸ਼ਾਹ ਨੇ ਆਪਣੇ ਸਿਖਾਂ ਉਤੇ ਬੜਾ ਮਹਾਨ ਉਪਕਾਰ ਕੀਤੇ ਕਿ ਬ੍ਰਾਹਮਣ ਨਾਲੋਂ ਤੋੜ ਕੇ ਆਪਣੇ ਚਰਨਾਂ ਨਾਲ ਜੋੜਿਆ ਹੈ । ਨਹੀਂ ਤਾਂ ਖਾਲਸਾ ਪੰਥ ਨੇ ਭੀ ਇਨ੍ਹਾਂ ਬਿਪਰਾਂ ਦੇ ਅਧੀਨ ਕਰਮ ਕਰਨੇ ਸਨ । ਬੁੱਤ ਭੀ ਪੂਜਦਾ ਤੇ ਮਰੇ ਹੋਇਆਂ ਦੀ ਪੂਜਾ ਭੀ ਕਰਦਾ ।

ਬ੍ਰਾਹਮਣ ਨੇ ਸਾਲ ਵਿਚ ੧੫ ਦਿਨ ਦੁਸਹਿਰੇ ਤੋਂ ਪਹਿਲਾਂ ਐਸੇ ਰਖੇ ਹਨ, ਜਿਨ੍ਹਾਂ ਦਿਨਾਂ ਵਿਚ ਉਸ ਦੇ ਛੱਤੀ ਪ੍ਰਕਾਰ ਦੇ ਭੋਜਨ ਛਕਣ ਛਕਾਣ ਦਾ ਸੀਜ਼ਨ ਲਗ ਜਾਂਦਾ ਹੈ । ਉਂਜ ਤਾਂ ਉਸਨੇ ਵੇਦਾਂਤ ਦੀ ਆਗਿਆ ਅਨੁਸਾਰ ਹਿੰਦੂ-ਜਨ-ਸਮੂਹ ਲਈ ਬੜੇ ਤਿਉਹਾਰ ਰਚੇ ਹੋਏ ਹਨ, ਜਦੋਂ ਉਸ ਨੂੰ ਕੇਂਦਰੀ ਬਿੰਦੂ ਮੰਨ ਕੇ ਉਸ ਰਾਹੀਂ ਅਨੇਕ ਪ੍ਰਕਾਰ ਦੇ ਦੇਵੀ ਦੇਵਤਿਆਂ ਨੂੰ ਕੁਝ ਛਕਾ ਕੇ, ਕੁਝ ਦਾਨ ਦੇ ਕੇ ਪ੍ਰਸੰਨ ਕਰਨ ਦਾ ਜਤਨ ਕੀਤਾ ਜਾਂਦਾ ਹੈ । ਦੇਵਤਿਆਂ ਦੇ ਨਮਿਤ ਦਿਤੇ ਗਏ ਭੋਜਨ ਅਤੇ ਹੋਰ ਚੀਜ਼ਾਂ ਸਭ ਬ੍ਰਾਹਮਣ ਮਣਸ ਕੇ ਆਪਣੇ ਘਰ ਲੈ ਜਾਂਦਾ ਹੈ ਤੇ ਉਸ ਉਤੇ ਉਸ ਦੀ ਸਾਲ ਭਰ ਦੀ ਰੋਟੀ ਦਾ ਤੋਰਾ ਤੁਰਦਾ ਹੈ । ਹਰ ਬ੍ਰਾਹਮਣ ਦੇ ਘੇਰੇ ਅੰਦਰ ਪੰਜਾਹ-ਸੌ ਜਜਮਾਨ ਵੀ ਹੋਣ ਤਾਂ ਉਸਦਾ ਕਾਫ਼ੀ ਕੁਝ ਬਣ ਜਾਂਦਾ ਹੈ । ਪਰ ਦਾਨ ਦੇ ਪਦਾਰਥਾਂ ਨਾਲ ਬ੍ਰਿਤੀ ਭੁਖੀ ਹੀ ਰਹਿੰਦੀ ਹੈ, ਕਦੀ ਤ੍ਰਿਪਤ ਨਹੀਂ ਹੁੰਦੀ ।

ਗੱਲ ਚਲੀ ਸੀ ਦੁਸਹਿਰੇ ਤੋਂ ਪਹਿਲੇ ੧੫ ਦਿਨਾਂ ਦੀ । ਇਨ੍ਹਾਂ ਦਿਨਾਂ ਵਿਚ ਬ੍ਰਾਹਮਣ ਨੇ ਮਰਿਆਂ ਦੀ ਪੂਜਾ ਕਰਵਾਉਣ ਦੀ ਰੀਤੀ ਚਲਾਈ ਹੈ, ਇਸ ਨੂੰ ਅਸੀਂ ਸਰਾਧ ਕਹਿ ਦਿੰਦੇ ਹਾਂ । ਸਰਾਧ ਦੇ ਅਰਥ ਅਥਵਾ ਲਛਣ ਭਾਈ ਕਾਨ੍ਹ ਸਿੰਘ ਜੀ ਨਾਭਾ ਗੁਰਮਤਿ ਪ੍ਰਭਾਕਰ ਵਿਚ ਇਉਂ ਦਿੰਦੇ ਹਨ–"ਮਰੇ ਹੋਏ ਪਿਤਰਾਂ ਨੂੰ ਤ੍ਰਿਪਤ ਔਰ ਪ੍ਰਸੰਨ ਕਰਨ ਵਾਸਤੇ ਜੋ ਅੰਨ ਵਸਤ੍ਰ ਆਦਿਕ ਸਾਮਗ੍ਰੀ ਦਿਤੀ ਜਾਂਦੀ ਹੈ, ਪੁਰਾਣ ਮੱਤ ਅਨੁਸਾਰ ਉਸ ਦਾ ਨਾਂ ਸ਼੍ਰਾਧ ਹੈ ।"

ਸਾਰੇ ਜਾਣਦੇ ਹਨ ਕਿ ਬ੍ਰਾਹਮਣ ਨੂੰ ਰੋਜ਼ਾਨਾ ਦੋ ਤੋਂ ਚਾਰ ਘਰਾਂ ਵਿਚ ਜਾ ਕੇ ਮਰਿਆਂ ਦੀ ਪੂਜਾ ਕਰ ਕੇ



www.AKJ.Org

ਪਿਤਰਾਂ ਦੇ ਨਾਂ ਦਾ ਭੋਜਨ ਖਾਣਾ ਹੁੰਦਾ ਹੈ, ਕਿਉਂਕਿ ਇਹਨਾਂ ਪੰਦਰ੍ਹਾਂ ਦਿਨਾਂ ਵਿਚ ਉਸ ਨੂੰ ਮਰਿਆਂ ਦੇ ਨਾਮ ਤੇ ਛਕਣ ਛਕਾਣ ਤੋਂ ਵੇਹਲ ਨਹੀਂ ਮਿਲਦਾ ਇਸ ਲਈ ਉਸ ਨੇ ਆਮ ਲੋਕਾਂ ਵਿਚ ਵਹਿਮ ਪਾ ਛਡਿਆ ਹੋਇਆ ਹੈ ਕਿ ਸਰਾਧਾਂ ਵਿਚ ਸ਼ਾਦੀ ਵਿਆਹ ਨਹੀਂ ਕਰਾਈਦੇ, ਨੁਕਸਾਨ ਹੋ ਜਾਂਦਾ ਹੈ। ਪਿਤਰ ਪੁੱਠੇ ਪੈ ਜਾਂਦੇ ਹਨ। ਹਿੰਦੂ ਜਨਤਾ ਦੀ ਦੇਖਾ-ਦੇਖੀ ਸਿਖ ਭੀ ਇਸ ਵਹਿਮ ਵਿਚ ਆ ਜਾਂਦੇ ਵੇਖੇ ਹਨ ਤੇ ਸਰਾਧਾਂ ਵਿਚ ਅਨੰਦ ਕਾਰਜ ਨਹੀਂ ਕਰਾਉਂਦੇ।

"ਮਰਿਆਂ ਦੀ ਪੂਜਾ" ਤੋਂ ਵੇਹਲੇ ਹੋ ਕੇ ਬ੍ਰਾਹਮਣ ਅਗਲੇ ਨੌਂ ਦਿਨਾਂ ਨੂੰ ਸ਼ਾਦੀ ਵਿਆਹਾਂ ਲਈ ਇਉਂ ਖੋਲ੍ਹ ਦਿੰਦਾ ਹੈ ਜਿਵੇਂ ਅੱਜਕਲ੍ਹ ਮਿੱਟੀ ਦੇ ਤੇਲ ਦੇ ਡਿਪੂ ਖੁਲ੍ਹਦੇ ਹਨ। ਉਨ੍ਹਾਂ ਦੇ ਦਰਾਂ ਤੇ ਲੰਮੀਆਂ ਲੰਮੀਆਂ ਕਤਾਰਾਂ ਲਗ ਜਾਂਦੀਆਂ ਹਨ ਜਜਮਾਨਾਂ ਦੀਆਂ ਜੋ ਉਸਦੀਆਂ ਖੁਸ਼ੀਆਂ ਲੈਣ ਦੇ ਚਾਹਵਾਨ ਹੁੰਦੇ ਹਨ। ਇਨ੍ਹਾਂ ਨੌਂ ਦਿਨਾਂ ਨੂੰ ਨੌਂ-ਰਾਤੇ ਆਖਦੇ ਹਨ। ਇਨ੍ਹਾਂ ਨੌਂ ਰਾਤਾਂ ਨੂੰ ਹਿੰਦੂਆਂ ਦੀਆਂ ਸ਼ਾਦੀਆਂ ਹੁੰਦੀਆਂ ਸਨ। ਹੁਣ ਤਾਂ ਦੇਸ਼ ਵਿਚੋਂ ਮੁਗਲ ਰਾਜ ਸਮਾਪਤ ਹੋ ਚੁਕਾ ਹੈ, ਇਸ ਲਈ ਬ੍ਰਾਹਮਣ ਹਿੰਦੂ ਰੀਤੀ ਦੀਆਂ ਲਾਵਾਂ ਦਿਨੇ ਭੀ ਪੜ੍ਹ ਦਿੰਦਾ ਹੈ, ਨਹੀਂ ਤਾਂ ਇਹ ਕਾਰਜ ਆਮ ਤੌਰ ਤੇ ਰਾਤ ਦੇ ੧੧ ਵਜੇ ਤੋਂ ਸਵੇਰੇ ੪ ਵਜੇ ਤਕ ਹੁੰਦਾ ਸੀ, ਜਦੋਂ ਸਾਰੀ ਲੁਕਾਈ ਨੀਂਦ ਦੀ ਗੋਦ ਵਿਚ ਸੁੱਤੀ ਹੁੰਦੀ ਸੀ। ਇਨ੍ਹਾਂ ਨੌਂ ਰਾਤਾਂ ਵਿਚ ਕਦੀ ਕੋਈ ਤਾਰਾ ਡੁੱਬਾ ਨਹੀਂ ਸੁਣਿਆ, ਜੋ ਅਪ-ਸ਼ਗਨ ਮੰਨਿਆ ਗਿਆ ਹੋਵੇ। ਸਰਾਧ ਅਤੇ ਤਾਰੇ ਦਾ ਡੁੱਬ ਜਾਣਾ ਹਿੰਦੂ ਸਮਾਜ ਲਈ ਮਾੜੇ ਸ਼ਗਨ ਦੇ ਪਰਤੀਕ ਹਨ, ਪਰ ਖਾਲਸੇ ਨੂੰ ਇਹਨਾਂ ਚੰਗੇ ਮਾੜੇ ਸ਼ਗਨਾਂ ਅਪ-ਸ਼ਗਨਾਂ ਬਾਰੇ ਸਤਿਗੁਰਾਂ ਨੇ ਇਕੋ ਫੁਰਮਾਨ ਬਖਸ਼ ਕੇ ਸੁਤੰਤਰ ਕਰ ਦਿਤਾ ਹੈ–

ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥੨॥੧੨੦॥

(ਆਸਾ ਮ: ੫, ਪੰਨਾ ੪੦੧)

ਖਾਲਸੇ ਨੂੰ ਕੇਵਲ ਨਾਮ ਜਪਣ, ਵਾਹਿਗੁਰੂ ਜੀ ਅਤੇ ਆਪਣੇ ਸਤਿਗੁਰੂ ਜੀ ਤੇ ਦ੍ਰਿੜ੍ਹ ਵਿਸ਼ਵਾਸ ਰਖਣ ਦਾ ਉਪਦੇਸ਼ ਹੈ। ਜੇ ਮਨ ਵਿਚ ਕੋਈ ਸ਼ੰਕਾ ਉਠੇ ਤਾਂ ਸਤਿਗੁਰੂ ਜੀ ਅਗੇ ਅਰਦਾਸ ਕਰੇ। ਖਾਲਸੇ ਨੂੰ ਪਾਧਾ ਪੁਛਣ ਦੀ ਲੋੜ ਨਹੀਂ। ਗੁਰਵਾਕ ਹੈ–

ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥
ਛੋਡਿ ਸਿਆਣਪ ਸਗਲ, ਮਨੁ ਤਨੁ ਅਰਪਿ ਧਰਿ ॥੬॥

(ਗੂਜਰੀ ਕੀ ਵਾਰ ਮ: ੩, ਪੰਨਾ ੫੧੯)

ਕਈ ਸਿਖ ਹਿੰਦੂਆਂ ਦੀ ਦੇਖਾ-ਦੇਖੀ ਆਪਣੇ ਬਜ਼ੁਰਗਾਂ ਦੇ ਸਰਾਧ ਕਰਾਉਂਦੇ ਹਨ, ਭਾਵੇਂ ਥੋੜੇ ਜਿਹੇ ਫ਼ਰਕ ਨਾਲ ਹੀ। ਉਹ ਉਸ ਦਿਨ ਕਿਸੇ ਗ੍ਰੰਥੀ ਸਿੰਘ ਨੂੰ ਖੀਰ ਪੂੜੀ ਛਕਾ ਦਿੰਦੇ ਹਨ। ਇਹ ਉਹਨਾਂ ਦੀ ਮਨਮਤਿ ਹੈ, ਅਤੇ ਮਰਿਆਂ ਦੀ ਪੂਜਾ ਦੇ ਤੁਲ ਹੈ। ਕਈ ਸਜਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰਾਧ ਕਰਾਉਂਦੇ ਹਨ ਅਤੇ ਦਸਵੇਂ ਸਰਾਧ ਨੂੰ ਉਹ ਦਿਨ ਨਿਸਚਿਤ ਮੰਨਦੇ ਹਨ। ਪਤਾ ਨਹੀਂ ਇਹ ਕਿਵੇਂ ਨਿਸਚਿਤ ਕੀਤਾ ਗਿਆ। ਇੰਜ ਕਰਨਾ ਭੀ ਸਤਿਗੁਰ ਜੀ ਦਾ ਅਪਮਾਨ ਕਰਨ ਦੇ ਤੁਲ ਹੈ, ਕਿਉਂਕਿ ਇਸ ਵਿਚ ਕਈ ਭੁਲਾਂ ਹੋ ਜਾਂਦੀਆਂ ਹਨ :–

(ੳ) ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਸੀਂ ਬਾਕੀ ਦੀ ਲੋਕਾਈ ਨਾਲ ਮੇਲ ਕੇ ਮਰਿਆਂ ਦੀ ਗਿਣਤੀ ਵਿਚ ਸ਼ਾਮਲ ਕਰ ਲੈਂਦੇ ਹਾਂ। ਕੀ ਆਮ ਸੰਸਾਰੀ ਮਰੇ ਪਿਤਰਾਂ ਵਾਂਗ ਗੁਰੂ ਪਾਤਸ਼ਾਹ ਜੀ ਸਨ ? ਨਹੀਂ, ਕਦਾਚਿਤ ਨਹੀਂ। ਫਿਰ ਉਹਨਾਂ ਦੇ ਨਮਿਤ ਸਰਾਧ ਕਿਉਂ ?

(ਅ) ਮਰਿਆਂ ਦਾ ਸਰਾਧ ਕਿਸ ਲਈ ਕਰਵਾਇਆ ਜਾਂਦਾ ਹੈ ? ਬਿਪਰ ਨੇ ਆਪਣੇ ਜਜਮਾਨਾਂ ਦੇ ਮਨ ਵਿਚ ਇਹ ਗੱਲ ਦ੍ਰਿੜ੍ਹ ਕਰਵਾਈ ਹੋਈ ਹੈ ਕਿ ਜੋ ਵਡੇ ਵਡੇਰੇ ਮਰ ਚੁਕੇ ਹੁੰਦੇ ਹਨ, ਉਨ੍ਹਾਂ ਦੀ ਗਤੀ ਨਹੀਂ ਹੋਈ ਹੁੰਦੀ। ਇਸ ਲਈ ਉਹ ਬਦ-ਰੂਹਾਂ ਬਣ ਕੇ ਭਟਕਦੀਆਂ ਫਿਰਦੀਆਂ ਹਨ। ਪਰ ਜੇ ਹਰ ਸਾਲ ਉਹਨਾਂ ਨਮਿਤ ਕਿਸ


www.AKJ.Org

ਬ੍ਰਾਹਮਣ ਨੂੰ ਕੇਵਲ ਇਕ ਦਿਨ ਹੀ ਛੱਤੀ ਪ੍ਰਕਾਰੀ ਭੋਜਨ ਖੁਆ ਦਿਉ ਤਾਂ ਵਡੇ ਵਡੇਰਿਆਂ ਦੀ ਇਕ ਸਾਲ ਲਈ ਭਟਕਣਾ ਮੁਕ ਸਕਦੀ ਹੈ। ਜੋ ਸਿਖ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰਾਧ ਕਰਦੇ ਕਰਾਉਂਦੇ ਹਨ, ਉਹ ਇਹ ਸੋਚਣ ਕਿ ਕੀ ਸਤਿਗੁਰੂ ਪਾਤਸ਼ਾਹ ਭੀ ਭੁਲੀ ਭਟਕੀ ਰੂਹ ਹਨ ਜਿਨ੍ਹਾਂ ਨੂੰ ਇਕ ਸਾਲ ਲਈ ਚੁਪ ਕਰਵਾਉਣਾ ਜ਼ਰੂਰੀ ਹੈ ? ਇਹ ਕਿੰਨੀ ਭਾਰੀ ਭੁਲ ਹੈ ? ਤਾਂ ਤੇ ਸਤਿਗੁਰਾਂ ਦੇ ਨਮਿਤ ਦਸਵਾਂ ਸਰਾਧ ਕਰਾਉਣਾ ਪੁਜ ਕੇ ਮਨਮਤਿ ਹੈ।

(ੲ) ਖਾਲਸੇ ਦਾ ਸਤਿਗੁਰੂ ਆਮ ਸੰਸਾਰੀਆਂ ਵਾਂਗ ਜਨਮ ਮਰਨ ਦੇ ਗੇੜ ਵਿਚ ਨਹੀਂ ਹੈ–

ਸਤਿਗੁਰੁ ਮੇਰਾ ਸਦਾ ਸਦਾ, ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ, ਸਭ ਮਹਿ ਰਹਿਆ ਸਮਾਇ ॥੧੩॥

(ਸੂਹੀ ਮ: ੪, ਪੰਨਾ ੭੫੯)

ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਮਰੇ ਪਿਤਰਾਂ ਨਮਿਤ ਜੋ ਪ੍ਰਾਣੀ ਪਿਛੋਂ ਪਤਲਾਂ ਦੇਂਦੇ ਤੇ ਕਾਵਾਂ ਨੂੰ ਬੁਲਾ ਬੁਲਾ ਕੇ ਖੁਆਂਦੇ ਹਨ, ਉਨ੍ਹਾਂ ਨੂੰ ਮਨਮੁਖ ਕਹਿੰਦੇ ਹਨ ਅਤੇ ਉਨ੍ਹਾਂ ਦੇ ਪਿਤਰਾਂ ਨਮਿਤ ਇਸ ਹਿਤ ਨੂੰ ਅਗਿਆਨਤਾ ਭਰਿਆ ਪਿਆਰ ਕਹਿੰਦੇ ਹਨ। ਆਪ ਦਾ ਫ਼ੁਰਮਾਨ ਹੈ–

ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਉ ॥
ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥੨॥੧॥

ਮ: ੧, ਮਾਝ ਕੀ ਵਾਰ, ਪੰਨਾ ੧੩੮

ਸੱਚੇ ਪਾਤਸ਼ਾਹ ਜੀ ਫ਼ੁਰਮਾਂਦੇ ਹਨ ਕਿ ਪ੍ਰਾਣੀ ਆਂਦਾ ਜਾਂਦਾ ਮਰ ਮੁਕ ਜਾਂਦਾ ਹੈ, ਭਾਵ ਉਸ ਦਾ ਨਾਉਂ ਵੀ ਨਹੀਂ ਰਹਿੰਦਾ। ਉਸ ਪਿਛੇ ਪਤਲਾਂ ਆਦਿ ਦੇਣ ਵਾਲੇ ਮੂਰਖ ਅਗਿਆਨੀ ਹਨ। 'ਪਤਲ' ਦੀ ਵਿਆਖਿਆ ਸ਼ਬਦਾਰਥ ਦੇ ਵਿਦਵਾਨ ਇਉਂ ਕਰਦੇ ਹਨ– ''ਪਤਿਆਂ ਦੀ ਥਾਲੀ, ਜਿਸ ਤੇ ਸਰਾਧ ਆਦਿ ਕਰਨ ਵੇਲੇ ਬ੍ਰਾਹਮਣਾਂ ਲਈ ਭੋਜਨ ਰਖਦੇ ਹਨ।''

ਗੁਰੂ ਨਾਨਕ ਪਾਤਸ਼ਾਹ ਤਾਂ ਸਾਫ਼ ਨਿਰਣਾ ਕਰਦੇ ਹਨ ਕਿ ਪਿਛੋਂ ਕਿਸੇ ਦਾ ਦਿਤਾ ਹੋਇਆ ਕਿਸੇ ਨੂੰ ਨਹੀਂ ਪੁਜਦਾ, ਸਗੋਂ ਜੀਵ ਆਪ ਇਸ ਜਨਮ ਵਿਚ ਜੋ ਕਰਮ ਕਮਾਂਦਾ ਹੈ, ਉਸ ਦਾ ਫਲ ਹੀ ਉਹ ਪਾਂਦਾ ਹੈ। ਆਸਾ ਦੀ ਵਾਰ ਵਿਚ ਆਪ ਫ਼ੁਰਮਾਂਦੇ ਹਨ–

–ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥੧੪॥ (੪੭੧)
–ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥ (੪੭੪)
ਅਤੇ –ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥੧੭॥ (ਆਸਾ ਦੀ ਵਾਰ)

ਸਤਿਗੁਰੂ ਜੀ ਦਸ ਰਹੇ ਹਨ ਕਿ ਅਗੇ ਪਰਲੋਕ ਵਿਚ ਓਹੋ ਕੁਝ ਪ੍ਰਾਪਤ ਹੋਣਾ ਹੈ ਜੋ ਆਪਣੀ ਕਮਾਈ ਵਿਚੋਂ ਸ਼ੁਭ ਦਾਨ ਦਿਤਾ ਹੈ, ਦੂਜੇ ਦਾ ਦਿਤਾ ਕਿਸੇ ਨੂੰ ਨਹੀਂ ਮਿਲਦਾ।

ਆਸਾ ਦੀ ਵਾਰ ਦੀ ੧੭ਵੀਂ ਪਉੜੀ ਦੇ ਇਸ ਸਲੋਕ ਵਿਚ ਸਤਿਗੁਰੂ ਜੀ ਪਿਤਰਾਂ ਨਮਿਤ ਸਰਾਧ ਕਰਨ ਵਾਲਿਆਂ ਨੂੰ ਵਿਅੰਗਮਈ ਢੰਗ ਨਾਲ ਸਮਝਾਂਦੇ ਹਨ ਕਿ ਜੇ ਕੋਈ ਚੋਰ ਕਿਸੇ ਦਾ ਘਰ ਲੁੱਟ ਕੇ ਲਿਆਂਦਾ ਹੈ ਅਤੇ ਉਹ ਲੁਟਿਆ ਮਾਲ ਪਿਤਰਾਂ ਨਮਿਤ ਅਰਪ ਦੇਂਦਾ ਹੈ ਤਾਂ ਸੱਚੇ ਦਰਬਾਰ ਵਿਚ ਉਹ ਚੋਰੀ ਦਾ ਮਾਲ ਪਛਾਣਿਆ ਜਾਊ, ਫਿਰ ਜਿਨ੍ਹਾਂ ਪਾਸੋਂ ਉਹ ਚੋਰੀ ਦਾ ਮਾਲ ਬਰਾਮਦ ਹੋਵੇਗਾ, ਉਹ (ਪਿਤਰ) ਵੀ ਚੋਰ ਗਰਦਾਨੇ ਜਾਣਗੇ। ਇਸ ਦੇ ਨਾਲ ਹੀ ਜਿਨ੍ਹਾਂ ਦਲਾਲਾਂ (ਬ੍ਰਾਹਮਣਾ) ਨੇ ਇਹ ਚੋਰੀ ਦਾ ਮਾਲ ਪਿਤਰਾਂ ਨੂੰ ਪੁਚਾਣ ਦਾ ਠੇਕਾ ਲਿਆ ਹੁੰਦਾ ਹੈ, ਇਨਸਾਫ ਇਹ ਕਹਿੰਦਾ ਹੈ ਕਿ ਉਨ੍ਹਾਂ ਦਲਾਲਾਂ ਦੇ ਹੱਥ ਵੀ ਚੋਰੀ ਦਾ ਮਾਲ ਸਪਲਾਈ ਕਰਨ ਦੀ ਸਜ਼ਾ ਵਜੋਂ ਵਢੇ ਜਾਣਗੇ। ਫ਼ੁਰਮਾਨ ਹੈ –



www.AKJ.Org

ਜੇ ਮੋਹਾਕਾ ਘਰੁ ਮੁਹੈ, ਘਰੁ ਮੁਹਿ ਪਿਤਰੀ ਦੇਇ ॥
ਅਗੈ ਵਸਤੁ ਸਿਞਾਣੀਐ, ਪਿਤਰੀ ਚੋਰ ਕਰੇਇ ॥
ਵਢੀਅਹਿ ਹਥ ਦਲਾਲ ਕੇ, ਮੁਸਫੀ ਏਹ ਕਰੇਇ ॥
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥੧੭॥

ਸਤਿਗੁਰੂ ਜੀ ਅੰਤਮ ਫ਼ੈਸਲਾ ਦੇਂਦੇ ਹਨ ਕਿ ਕਿਸੇ ਦਾ ਦਿਤਾ ਹੋਇਆ ਕਿਸੇ ਦੂਜੇ ਨੂੰ ਨਹੀਂ ਅਪੜ ਸਕਦਾ, ਸਗੋਂ ਅਗੇ ਪਰਲੋਕ ਵਿਚ ਉਹੋ ਕੁਝ ਮਿਲਦਾ ਹੈ, ਜੋ ਆਪ ਘਾਲ ਕਮਾਈ ਕਰ ਕੇ ਖਟਿਆ ਤੇ ਲੋੜਵੰਦਾਂ ਨੂੰ ਦਿਤਾ ਹੁੰਦਾ ਹੈ।

ਭਗਤ ਕਬੀਰ ਜੀ ਵੀ ਸਰਾਧ ਮਨਾਉਣ ਵਾਲਿਆਂ ਦਾ ਮੌਜੂ ਉਡਾਂਦੇ ਹੋਏ ਕਹਿੰਦੇ ਹਨ ਕਿ ਆਪਣੇ ਵਡੇ ਵਡੇਰਿਆਂ ਦੀ ਜੀਂਦਿਆਂ ਤਾਂ ਵਾਤ ਨਹੀਂ ਪੁਛਦੇ, ਪਰ ਉਨ੍ਹਾਂ ਦੇ ਮੋਇਆਂ ਵਡੇਰੇ ਜਾਣ ਕੇ, ਪਿਤਰ ਸਮਝ ਕੇ ਉਨ੍ਹਾਂ ਦੇ ਸਰਾਧ ਕਰਦੇ ਕਰਾਂਦੇ ਹੋ ਅਤੇ ਉਨ੍ਹਾਂ ਦੇ ਨਮਿਤ ਬ੍ਰਾਹਮਣਾਂ ਨੂੰ ਭੋਜਨ ਛਕਾਂਦੇ ਤੇ ਕਾਵਾਂ ਨੂੰ ਸੱਦ ਸੱਦ ਕੇ ਉਨ੍ਹਾਂ ਨੂੰ ਗਰਾਹੀਆਂ ਸੁਟਦੇ ਹੋ। ਕਬੀਰ ਜੀ ਕਹਿੰਦੇ ਹਨ ਕਿ ਇਹ ਤੁਹਾਡੇ ਦਿਤੇ ਭੋਜਨ ਕਾਂ-ਕੁੱਤੇ ਹੀ ਖਾ ਜਾਂਦੇ ਹਨ, ਵਿਚਾਰੇ ਪਿਤਰਾਂ ਨੂੰ ਕੁਝ ਨਹੀਂ ਪ੍ਰਾਪਤ ਹੁੰਦਾ। ਫ਼ੁਰਮਾਨ ਹੈ–

ਜੀਵਤ ਪਿਤਰ ਨ ਮਾਨੈ ਕੋਊ, ਮੂਏਂ ਸਰਾਧ ਕਰਾਹੀ ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ, ਕਊਆ ਕੂਕਰ ਖਾਹੀ ॥
(ਗਉੜੀ ਕਬੀਰ ਜੀ, ਪੰਨਾ ੩੩੨)

ਗੁਰਬਾਣੀ ਦੇ ਇਨ੍ਹਾਂ ਸਿਧਾਂਤਾਂ ਦੀ ਸੇਧ ਵਿਚ ਗੁਰਸਿਖ ਮੋਇਆਂ ਹੋਇਆਂ ਦੀ ਪੂਜਾ ਨਹੀਂ ਕਰਦਾ। ਉਹ ਜਾਗਤ ਜੋਤਿ ਦਾ ਪੁਜਾਰੀ ਹੈ। ਸਤਿਗੁਰੂ ਸਾਡਾ ਸਦ ਜੀਵਤ ਹੈ, ਉਹ ਅਬਿਨਾਸ਼ੀ ਪੁਰਖ ਹੈ, ਉਹ ਮੋਇਆਂ ਨੂੰ ਜੀਵਾਲਣਹਾਰ ਹੈ– ਸਤਿਗੁਰੁ ਮੇਰਾ ਮਾਰਿ ਜੀਵਾਲੈ ॥ (ਭੈਰਉ ਮ: ੫–੧੧੪੨)

ਸੋ ਗੁਰੂ ਪਾਤਸ਼ਾਹ ਦੇ ਨਮਿਤ ਸਰਾਧ ਕਰਾਉਣ ਵਾਲੇ ਕਈ ਭੁਲਾਂ ਕਰਦੇ ਹਨ। ਇਨ੍ਹਾਂ ਤੋਂ ਬਚਣਾ ਚਾਹੀਦਾ ਹੈ। ਖ਼ਾਲਸੇ ਨੂੰ ਦਿਨ ਰਾਤ ਜਾਗਤ ਜੋਤਿ ਨਾਲ ਜੁੜੇ ਰਹਿਣ ਦਾ ਹੁਕਮ ਹੈ। ਹਿੰਦੂਆਂ ਦੀਆਂ ਰਸਮਾਂ ਨੂੰ, ਬਿਨਾਂ ਸੋਚੇ ਸਮਝੇ ਅਪਨਾਉਣਾ ਮਨਮਤਿ ਹੈ। ਸਤਿਗੁਰੂ ਸਾਹਿਬਾਨ ਨੇ, ਬੜੀ ਮਿਹਨਤ ਨਾਲ ਹਿੰਦੂ ਰਸਮਾਂ ਰਿਵਾਜਾਂ ਤੋਂ ਆਪਣੇ ਸਿਖਾਂ ਨੂੰ, ਜੋ ਨਾਨਕ ਨਿਰਮਲ ਪੰਥ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਹੋੜਿਆ। ਅਸੀਂ ਆਪਣੀ ਬੇਸਮਝੀ ਕਾਰਨ ਫਿਰ ਬ੍ਰਾਹਮਣ ਦੇ ਜੂਲੇ ਵਿਚ ਫਸਣ ਲਈ ਤਿਆਰੀਆਂ ਕਰ ਰਹੇ ਹਾਂ। ਗੁਰ-ਇਤਿਹਾਸ ਵਿਚ ਇਕ ਥਾਂ ਆਉਂਦੈ ਕਿ ਸ੍ਰੀ ਗੁਰੂ ਰਾਮਦਾਸ ਜੀ ਨੂੰ ਕੁਝ (ਹਿੰਦੂ) ਜੋਗੀ ਮਿਲਣ ਆਏ ਸਨ। ਉਨ੍ਹਾਂ ਗੁਰੂ ਘਰ ਦੇ ਸਿਖਾਂ ਦੀ ਰਹਿਤ ਮਰਯਾਦਾ ਦੇਖੀ, ਬੜੇ ਹੈਰਾਨ ਹੋਏ ਤੇ ਸਚੇ ਪਾਤਸ਼ਾਹ ਨੂੰ ਪੁਛਣ ਲਗੇ, "ਆਪਦੇ ਸਿਖ ਨ ਵਰਤ ਰਖਦੇ ਹਨ, ਨ ਕੋਈ ਦੇਵੀ ਪੂਜਨ ਕਰਦੇ ਹਨ, ਨਾ ਕੋਈ ਤੀਰਥ ਇਸ਼ਨਾਨ ਕਰਦੇ ਹਨ, ਇਨ੍ਹਾਂ ਦੇ ਪਾਪ ਕਿਵੇਂ ਕਟੇ ਜਾਣਗੇ ਤੇ ਇਨ੍ਹਾਂ ਦੀ ਮੁਕਤੀ ਕੈਸੇ ਹੋਵੇਗੀ?" ਗੁਰੂ ਪਾਤਸ਼ਾਹ ਹੱਸ ਪਏ ਤੇ ਕਹਿਣ ਲਗੇ, ਸਾਡੇ ਸਤਿਗੁਰਾਂ ਨੇ (ਇਸ਼ਾਰਾ ਗੁਰੂ ਨਾਨਕ ਦੇਵ ਜੀ ਵਲ ਸੀ) ਹੁਕਮ ਦਿਤਾ ਹੈ–

ਦੁਬਿਧਾ ਨ ਪੜਉ, ਹਰਿ ਬਿਨੁ ਹੋਰੁ ਨ ਪੂਜਉ, ਮੜੈ ਮਸਾਣਿ ਨ ਜਾਈ ॥
(ਸੋਰਠਿ ਮ: ੧, ਪੰਨਾ ੬੩੪)

ਅਤੇ ਅਜ ਦੇ ਸਮਾਜ-ਵਿਗਿਆਨੀ (Sociolagists) ਇਹ ਕਹਿੰਦੇ ਸੁਣੇ ਹਨ ਕਿ ਸਿਖ ਧਰਮ (ਗੁਰਮਤਿ) ਹੀ ਸੰਸਾਰ ਵਿਚ ਇਕੋ ਐਸਾ ਧਰਮ ਹੈ ਜਿਸ ਵਿਚ ਰੀਤਾਂ ਰਸਮਾਂ ਘਟ ਤੋਂ ਘਟ ਹਨ। ਬਾਕੀ ਧਰਮਾਂ ਵਿਚ ਰਸਮਾਂ ਰੀਤਾਂ, ਵਰਤਾਂ, ਰੋਜ਼ਿਆਂ ਆਦਿ ਦੀ ਭਰਮਾਰ ਹੈ।


www.AKJ.Org

# ਗ੍ਰਿਹਸਤੀ ਜੀਵਨ

[ਭਾਈ ਰਾਮ ਸਿੰਘ ਜੀ, ਸੁਕਐਡਰਨ ਲੀਡਰ (ਰੀ:), ਸ੍ਰੀ ਅੰਮ੍ਰਿਤਸਰ]

ਗ੍ਰਿਹਸਤ, ਦੋ ਅਲੱਗ ਅਲੱਗ ਪਰਵਾਰਾਂ ਵਿਚੋਂ ਆਏ ਦੋ ਵਿਅਕਤੀਆਂ (ਪਤੀ ਅਤੇ ਪਤਨੀ) ਨਾਲ ਅਰੰਭ ਹੁੰਦਾ ਹੈ। ਇਨ੍ਹਾਂ ਦੋਹਾਂ ਦੇ ਖ਼ਿਆਲਾਂ, ਆਦਤਾਂ ਅਤੇ ਗੁਣਾਂ ਵਿਚ ਫ਼ਰਕ ਹੋਣਾ ਕੁਦਰਤੀ ਗੱਲ ਹੀ ਹੈ। ਚੰਗਾ ਗ੍ਰਿਹਸਤ ਸੁਖਾਂ ਦਾ ਸਾਧਨ ਬਣ ਕੇ ਸੁਰਗ ਬਣ ਜਾਂਦਾ ਹੈ, ਅਤੇ ਮੰਦਾ ਗ੍ਰਿਹਸਤ ਦੁਖਾਂ ਦਾ ਕਾਰਨ ਬਣ ਕੇ ਨਰਕ ਹੋ ਨਿਬੜਦਾ ਹੈ। ਦੋਨਾਂ ਹੀ ਹਾਲਤਾਂ ਵਿਚ ਖਾਣ ਪੀਣ ਦੀ ਕਮੀ ਨਹੀਂ ਹੁੰਦੀ, ਕੇਵਲ ਖ਼ਿਆਲਾਂ ਦਾ ਹੀ ਫ਼ਰਕ ਹੁੰਦਾ ਹੈ।

ਸਿਆਣੇ ਜੋੜੇ, ਆਪਣੇ ਖ਼ਿਆਲਾਂ ਦਾ ਸੁਧਾਰ ਕਰ ਲੈਂਦੇ ਹਨ, ਅਤੇ ਇਕ ਦੂਜੇ ਦੇ ਖ਼ਿਆਲਾਂ-ਆਦਤਾਂ ਨੂੰ ਸਮਝਦੇ ਹੋਏ ਇਕ ਸਾਂਝਾ ਰਸਤਾ ਇਖ਼ਤਿਆਰ ਕਰ ਲੈਂਦੇ ਹਨ ਅਤੇ ਅਜਿਹਾ ਕਰਨ ਵਿਚ ਖੁਸ਼ੀ ਮਹਿਸੂਸ ਕਰਦੇ ਹਨ। ਉਪ੍ਰੰਤ ਸੁਖੀ ਵੱਸਦੇ ਹਨ।

ਹੋਰ ਲੋਕ, ਜਿਨ੍ਹਾਂ ਵਿਚੋਂ ਇਕ ਜਣਾ ਕਮ-ਅਕਲ ਹੋਣ ਕਰਕੇ, ਜਾਂ ਜ਼ਿਦੀ ਹੋਣ ਕਰਕੇ ਜਾਂ ਲਾਈਲੱਗ ਹੋਣ ਕਰਕੇ ਆਪਣੇ ਜੀਵਨ-ਸਾਥੀ ਦੇ ਵਿਚਾਰਾਂ ਦੀ ਪਰਵਾਹ ਨਹੀਂ ਕਰਦਾ, ਉਨ੍ਹਾਂ ਦਾ ਗ੍ਰਿਹਸਤੀ ਜੀਵਨ ਦੁਖੀ ਹੋ ਜਾਂਦਾ ਹੈ। ਛਡ-ਛਡਾਈ, ਮਾਰ ਕੁਟਾਈ ਅਤੇ ਤਲਾਕ ਆਦਿ ਇਸ ਦੇ ਸਿੱਟੇ ਨਿਕਲਦੇ ਹਨ।

ਕਲਗੀਧਰ ਪਾਤਸ਼ਾਹ ਜੀ ਨੇ, ਜਿਵੇਂ 'ਖਾਲਸਾ' ਜਗਤ ਨਾਲੋਂ ਨਿਆਰਾ ਸਾਜਿਆ ਹੈ, ਇਸਨੂੰ ਨਿਰਾਲਾ ਪਹਿਰਾਵਾ ਬਖਸ਼ਿਆ ਹੈ, ਇਸ ਦਾ ਖਾਣਾ ਪੀਣਾ ਨਿਰਾਲਾ ਹੈ,ਸੌਣਾ ਜਾਗਣਾ ਜਗਤ ਤੋਂ ਨਿਰਾਲਾ ਹੈ, ਇਸ ਦੀ ਕਮਾਈ ਅਤੇ ਵੰਡ ਛਕਣਾ ਜਗਤ ਤੋਂ ਨਿਰਾਲਾ ਹੈ,ਅਥਵਾ,ਇਸ ਦੀ ਸੋਚ ਵਿਚਾਰ ਹੀ ਜਗਤ ਤੋਂ ਨਿਰਾਲੀ ਹੈ, ਇਸ ਦਾ ਮਾਤਾ ਪਿਤਾ ਜਗਤ ਤੋਂ ਨਿਰਾਲਾ ਹੈ, ਇਸ ਦੀ ਜਨਮ-ਭੂਮੀ(ਪਟਨਾ ਸਾਹਿਬ) ਜਗਤ ਤੋਂ ਨਿਰਾਲੀ ਹੈ। ਇਸ ਦਾ ਰਿਹਾਇਸ਼ੀ ਅਸਥਾਨ (ਅਨੰਦਪੁਰ ਸਾਹਿਬ) ਜਗਤ ਤੋਂ ਨਿਰਾਲਾ ਹੈ, ਏਸੇ ਤਰ੍ਹਾਂ ਇਸਦਾ ਗ੍ਰਿਹਸਤ ਭੀ ਜਗਤ ਤੋਂ ਨਿਰਾਲਾ ਹੈ।

ਭਾਈ ਗੁਰਦਾਸ ਜੀ ਦੇ ਕਥਨ (ਇਕ ਸਿਖ ਦੋਇ ਸਾਧ ਸੰਗ) ਅਨੁਸਾਰ ਗ੍ਰਹਿਸਤੀ ਅੰਮ੍ਰਿਤਧਾਰੀ ਗੁਰਸਿੱਖਾਂ ਨੂੰ ਘਰ ਵਿਚ ਹੀ ਸੰਗਤ ਪ੍ਰਾਪਤ ਹੈ। ਪਤੀ-ਪਤਨੀ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਸੋਧ ਕੇ, ਇਕੱਠੇ ਭਗਤੀ ਕਰਦੇ ਹਨ, ਇਕੱਠੇ ਨਿਤਨੇਮ ਕਰਦੇ ਹਨ, ਇਕੱਠੇ ਹੀ (ਜਿੰਨਾ ਹੋ ਸਕੇ) ਕੀਰਤਨ ਕਰਦੇ ਹਨ, ਉਪਰੰਤ ਆਪੋ ਆਪਣੇ ਕੰਮਾਂ ਵਿਚ ਰੁੱਝ ਜਾਂਦੇ ਹਨ। ਨਾ ਕਿਸੇ ਦੀ ਨਿੰਦਾ ਚੁਗਲੀ ਕਰਦੇ ਹਨ ਅਤੇ ਨਾ ਹੀ ਕਿਸੇ ਦੀ ਨਿੰਦਾ ਚੁਗਲੀ ਸੁਣਦੇ ਹਨ। ਨਿੰਮਰਤਾ ਵਿਚ ਰਹਿੰਦੇ ਹਨ ਅਤੇ ਇਕ ਜਣਾ ਦੂਜੇ ਨੂੰ ਆਪਣੇ ਨਾਲੋਂ ਚੰਗਾ ਸਮਝਦਾ ਹੈ। "ਕਬੀਰ ਸਭ ਤੇ ਹਮ ਬੁਰੇ" (੧੩੬੪) ਵਾਲੇ ਸ੍ਰੀ ਮੁਖਵਾਕ ਨੂੰ ਕਦੇ ਭੁੱਲਦੇ ਨਹੀਂ।

ਜੇ ਗੁਰਸਿਖ ਨੇ ਆਪਣੇ ਸਾਥੀ ਨੂੰ ਮਾੜਾ ਕਹਿਣਾ ਹੀ ਨਹੀਂ, ਗ੍ਰਿਹਸਤੀ ਮਸਲੇ ਰਲ ਕੇ ਹੱਲ ਕਰ ਲੈਣੇ ਹਨ ਤਾਂ ਘਰ ਵਿਚ ਰੰਜਸ਼, ਪਰੇਸ਼ਾਨੀ ਜਾਂ ਲੜਾਈ ਝਗੜੇ ਨੂੰ ਕੋਈ ਥਾਂ ਹੀ ਨਹੀਂ ਰਹਿੰਦਾ। ਅਜਿਹਾ ਘਰ ਆਪੇ ਸਵਰਗ ਬਣ ਜਾਂਦਾ ਹੈ। ਗੁਰਬਾਣੀ ਦਰਸਾਏ ਰਹਿਤਨਾਮੇ ਮੁਤਾਬਿਕ "ਮੰਦਾ ਕਿਸੈ ਨ ਆਖਿ ਝਗੜਾ ਪਾਵਣਾ" (੫੬੬)। ਜੇ ਗੁਰਸਿਖ ਨੂੰ ਹੁਕਮ ਹੈ ਕਿ ਕਿਸੇ ਨੂੰ ਭੀ ਮੰਦਾ ਨਹੀਂ ਕਹਿਣਾ, ਤਾਂ ਆਪਣੇ ਜੀਵਨ-ਸਾਥੀ ਨੂੰ, ਜਿਸ ਨਾਲ ਚਵੀ ਘੰਟੇ ਰਹਿਣਾ ਹੈ, ਅਥਵਾ, ਸਾਰੀ ਉਮਰ ਨਿਭਾਣੀ ਹੈ, ਉਸ ਨੂੰ ਮੰਦਾ ਕਿਵੇਂ ਆਖਿਆ ਜਾਏਗਾ ? ਤਾਂ ਫਿਰ ਕੋਈ ਝਗੜੇ ਦੀ ਜਾਅ ਹੀ ਨਹੀਂ ਰਹਿੰਦੀ।

ਹਾਂ, ਇਕ ਗੱਲ ਯਾਦ ਰੱਖਣ ਵਾਲੀ ਹੈ ਕਿ ਅਸੀਂ ਕਲਜੁਗੀ ਜੀਵ ਹਾਂ, ਅਤੇ ਭੁੱਲਣਹਾਰ ਹਾਂ, ਗਲਤੀਆਂ ਕਰ ਦੇਂਦੇ ਹਾਂ ਜਾਂ ਕਰ ਬੈਠਦੇ ਹਾਂ, ਅਤੇ ਗੁਰੂ ਸਾਹਿਬ ਜੀ ਅੱਗੇ ਅਰਦਾਸ ਕਰਦੇ ਹਾਂ ਕਿ ਹੇ ਸੱਚੇ ਪਾਤਸ਼ਾਹ ਜੀ ! ਸਾਡੀਆਂ ਗ਼ਲਤੀਆਂ ਅਤੇ ਭੁੱਲਾਂ ਬਖਸ਼ ਲੈਣੀਆਂ, ਚਿਤਾਰਨੀਆਂ ਨਾ, ਅੱਗੋਂ ਤੋਂ ਸਾਨੂੰ ਸੁਮੱਤ ਬਖਸ਼ੋ। ਜੇ ਅਸੀਂ ਆਪਣੀਆਂ ਭੁੱਲਾਂ ਅਤੇ ਗ਼ਲਤੀਆਂ ਨੂੰ ਬਖਸ਼ਵਾਣਾ ਚਾਹੁੰਦੇ ਹਾਂ, ਤਾਂ ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਸਾਥੀ ਦੀਆਂ ਭੁੱਲਾਂ ਬਖਸ਼ ਦੇਈਏ। ਇਸ ਨਾਲ ਘਰ ਵਿਚ ਸੁਖ ਸ਼ਾਂਤੀ ਵਾਲਾ ਵਾਤਾਵਰਨ ਪੈਦਾ ਹੋ ਜਾਏਗਾ। ਸਿੱਖ ਨੂੰ



www.AKJ.Org

ਗੁਰੂ ਸਾਹਿਬ ਜੀ ਦਾ ਹੁਕਮ ਹੈ ਕਿ "ਅਲਪ-ਅਹਾਰ-ਸੁਲਪ-ਸੀ-ਨਿੰਦ੍ਰਾ-ਦਯਾ-ਛਿਮਾ-ਤਨ-ਪ੍ਰੀਤਿ" (ਪਾ: ੧੦)। ਇਹ ਗੁਣ ਆਪਣੇ ਵਿਚ ਪੈਦਾ ਕਰੇ। ਇਨ੍ਹਾਂ ਗੁਣਾਂ ਵਿਚੋਂ 'ਛਿਮਾ' ਗੁਣ ਵਲ ਵਿਸ਼ੇਸ਼ ਧਿਆਨ ਦੇਣਾ ਉਚਿੱਤ ਹੈ। 'ਛਿਮਾ' ਦਾ ਭਾਵ ਹੈ 'ਮੁਆਫ ਕਰ ਦੇਣਾ'। ਮੁਆਫ ਹਮੇਸ਼ਾ ਕਸੂਰਵਾਰ ਨੂੰ ਹੀ ਕੀਤਾ ਜਾਂਦਾ ਹੈ, ਹੋਰ ਕਿਸੇ ਨੂੰ ਮੁਆਫ ਕਰਨ ਦਾ ਸਵਾਲ ਹੀ ਨਹੀਂ ਉਠਦਾ। ਜਿਹੜਾ ਅੰਮ੍ਰਿਤਧਾਰੀ ਆਪਣੇ ਜੀਵਨ-ਸਾਥੀ ਦੀ ਭੁੱਲ ਨੂੰ ਮੁਆਫ ਨਹੀਂ ਕਰ ਸਕਦਾ, ਉਹ ਗੁਰੂ ਕਾ ਦੇਣਦਾਰ ਹੈ, ਕਿਉਂਕਿ ਉਹ ਗੁਰੂ ਸਾਹਿਬ ਜੀ ਦੇ ਹੁਕਮ ਦੀ ਉਲੰਘਣਾ ਕਰਦਾ ਹੈ। ਜਿਹੜਾ ਗੁਰੂ ਸਾਹਿਬ ਜੀ ਦੀ ਖ਼ੁਸ਼ੀ ਨਹੀਂ ਹਾਸਲ ਕਰਦਾ(ਗੁਰੂ ਜੀ ਦਾ ਹੁਕਮ ਮੰਨ ਕੇ),ਉਸ ਨੂੰ ਹਰਿ ਦਰਗਹਿ ਢੋਈ ਨਹੀਂ ਮਿਲ ਸਕਦੀ। ਅਜਿਹਾ ਵਿਅਕਤੀ ਏਥੇ ਭੀ ਗ੍ਰਿਹਸਤ ਵਿਚ ਦੁਖੀ ਅਤੇ ਪ੍ਰੇਸ਼ਾਨ, ਅਤੇ ਹਰਿ ਦਰਗਹਿ ਵਿਚ ਭੀ ਪ੍ਰੇਸ਼ਾਨ।

ਗੁਰੂ ਸਾਹਿਬ ਜੀ ਪ੍ਰੇਰਦੇ ਹਨ ਅਤੇ ਚਾਹੁੰਦੇ ਹਨ ਕਿ ਗੁਰਸਿਖ ਆਪਣੇ ਘਰ ਵਿਚ ਸੁਖੀ ਵੱਸੇ, ਫਿਰ ਇਸ ਨੂੰ ਹਰ ਜਗ੍ਹਾ ਹੀ ਸੁਖ ਪ੍ਰਾਪਤ ਹੋਏਗਾ। ਯਥਾ : ' ਘਰਿ-ਸੁਖਿ-ਵਸਿਆ-ਬਾਹਰਿ-ਸੁਖੁ-ਪਾਇਆ ॥" (੧੧੩੬) ਗੁਰੂ ਸਾਹਿਬ ਜੀ ਗ੍ਰਿਹਸਤ ਦੇ ਇਹ ਲਛਣ ਦਸਦੇ ਹਨ—"ਏਕ-ਜੋਤਿ-ਦੁਇ-ਮੂਰਤੀ-ਧਨ-ਪਿਰੁ-ਕਹੀਐ-ਸੋਇ ॥" (੭੮੮) ਪਤੀ ਅਤੇ ਪਤਨੀ ਏਕ ਜੋਤਿ ਤਾਂ ਹੀ ਹੋਣਗੇ, ਜੇ ਉਹ ਇਕ ਦੂਸਰੇ ਦੇ ਔਗਣ ਨਾ ਚਿਤਾਰਨ, ਇਕ ਦੂਜੇ ਦੀ ਕਮੀ ਜਾਂ ਭੁੱਲ ਨੂੰ ਨਜ਼ਰ-ਅੰਦਾਜ਼ ਕਰ ਸਕਣ, ਮਨ ਵਿਚ ਦਇਆ ਛਿਮਾ ਅਤੇ ਪ੍ਰੀਤਿ ਨੂੰ ਜਗ੍ਹਾ ਦੇਣ। ਗੁਰੂ ਸਾਹਿਬ ਜੀ ਦਾ ਸਾਨੂੰ ਹੁਕਮ ਹੈ ਕਿ ਆਪਣੇ ਅੰਦਰ ਝਾਤੀ ਮਾਰ ਕੇ ਆਪਣੇ ਨੁਕਸ ਲੱਭੀਏ ਅਤੇ ਉਨ੍ਹਾਂ ਨੂੰ ਦੂਰ ਕਰਨ ਵਿਚ ਖੁਸ਼ੀ ਪ੍ਰਾਪਤ ਕਰੀਏ। ਦੂਸਰਿਆਂ ਦੇ ਨੁਕਸ ਲੱਭਣ ਲਈ ਨਾ ਕਮਰਕੱਸਾ ਕਰ ਛਡੀਏ। "ਆਪਨੜੇ-ਗਿਰੀਵਾਨ-ਮਹਿ-ਸਿਰੁ-ਨੀਂਵਾਂ-ਕਰਿ-ਦੇਖੁ ॥" (੧੩੭੮) "ਸਿਰ ਨੀਵਾਂ" ਦਾ ਭਾਵ ਹੈ ਕਿ ਨਿਮਾਣਾ ਹੋ ਕੇ ਵਿਚਰੀਏ, ਆਕੜ-ਖਾਨੀ ਵਿਚ ਨਾ ਵਿਚਰੀਏ। ਆਕੜਖ਼ਾਨ ਹੋਇਆਂ ਘਰਾਂ ਵਿਚ ਸੁਖ ਨਹੀਂ ਪ੍ਰਾਪਤ ਹੋ ਸਕਦਾ। ਆਪਾਂ ਇਹ ਗੱਲ ਸਪੱਸ਼ਟ ਤੌਰ ਤੇ ਸਮਝ ਲਈਏ ਕਿ ਜੇ ਆਪਣੇ ਗਰੀਵਾਨ ਵਿਚ ਵੀ ਝਾਤੀ ਨਹੀਂ ਮਾਰਨੀ ਅਤੇ ਆਕੜਖ਼ਾਨੀ ਵੀ ਨਹੀਂ ਛੱਡਣੀ ਤਾਂ ਸਮਝੋ ਕਿ ਸਾਡਾ ਜਨਮ ਐਵੇਂ ਬਰਬਾਦ ਹੀ ਗਿਆ, ਅਤੇ ਚੁਰਾਸੀ ਦੀ ਫਾਹੀ ਮੁੜ ਸਾਡੇ ਗਲ ਆ ਪਈ। ਏਥੇ ਭੀ (ਆਪਣੀਆਂ ਕਰਤੂਤਾਂ ਕਰਕੇ) ਦੁਖੀ, ਅਤੇ ਅੱਗੇ ਭੀ ਸਾਡੇ ਲਈ ਜਮਾਂ ਦੀ ਮਾਰ ਤਿਆਰ।

ਸੰਸਾਰੀ ਜੀਵਨ ਵਿਚ ਸੁੱਖ, ਗੁਰੂ ਸਾਹਿਬ ਜੀ ਦੇ ਹੁਕਮਾਂ ਤੇ ਚੱਲਣ ਨਾਲ ਹੀ ਪੈਦਾ ਹੋਏਗਾ। ਗੁਰੂ ਸਾਹਿਬ ਜੀ ਤਾਂ ਸਿੰਘ ਨੂੰ ਬੜਾ ਸਪੱਸ਼ਟ ਕਹਿੰਦੇ ਹਨ ਕਿ "ਨਿਜ ਨਾਰੀ ਕੇ ਸੰਗਿ ਨੇਹੁ ਤੁਮ ਨਿਤ ਬਢੈਯਹੁ ॥" ਭਾਵ ਕਿ ਆਪਣੀ ਪਤਨੀ ਨਾਲ ਹਮੇਸ਼ਾ ਹੀ ਪਿਆਰ ਕਰੋ, ਅਤੇ ਇਸ ਪਿਆਰ ਨੂੰ ਬਿਲਕੁਲ ਘਟਣ ਨਾ ਦਿਓ। (ਉਸ ਵਿਚਾਰੀ ਨੂੰ ਦੁਰਕਾਰੋ ਨਾ, ਝਿੜਕੋ ਨਾ, ਮਾਰੋ ਨਾ, ਬੁਰਾ ਭਲਾ ਨਾ ਆਖੋ, ਮਾੜੀ ਜ਼ਬਾਨ ਨਾ ਵਰਤੋ)। ਗੁਰਮਤਿ ਅਨੁਸਾਰ ਇਹ ਢੰਗ ਹਨ ਘਰ ਵਿਚ ਸੁਖ ਪੈਦਾ ਕਰਨ ਦੇ। ਜੇ ਅੰਮ੍ਰਿਤਧਾਰੀ ਗੁਰਸਿਖ ਇਸ ਦੁਨੀਆ ਵਿਚ ਰਹਿੰਦਾ ਹੋਇਆ ਆਪਣੇ ਘਰ ਵਿਚ ਸੁਖ ਨਹੀਂ ਪੈਦਾ ਕਰ ਸਕਦਾ ਤਾਂ ਯਕੀਨ ਜਾਣੋ ਕਿ (ਗੁਰ-ਹੁਕਮਾਂ ਦੀ ਵਿਰੋਧਤਾ ਕਾਰਨ) ਹਰਿ ਦਰਗਹਿ ਭੀ ਉਸ ਦੇ ਵਾਸਤੇ ਗਲੀਚੇ ਨਹੀਂ ਵਿਛੇ ਹੋਣਗੇ। ਅੱਗੇ ਭੀ ਧੱਕੇ ਹੀ ਹਨ।

ਸੁਖਾਂ ਦੇ ਭਾਈਵਾਲ ਤਾਂ ਬਹੁਤ ਹੁੰਦੇ ਹਨ। ਭੈਣ ਭਰਾ, ਦੋਸਤ ਮਿੱਤਰ, ਮਾਤਾ ਪਿਤਾ, ਧੀਆਂ ਪੁਤ, ਸਾਕ ਸੈਣ ਦੂਰੋਂ ਹਮਦਰਦੀ ਜਿਤਾ ਸਕਦੇ ਹਨ। ਪਰ ਸਭ ਤੋਂ ਨਜ਼ਦੀਕੀ ਹਮਦਰਦ ਅਤੇ ਜੀਵਨ ਦੀ ਹਰ ਔਕੜ ਵਿਚ ਨੇੜਿਓਂ ਸਾਥ ਦੇਣ ਵਾਲਾ, ਦੁਖਾਂ ਨੂੰ ਅਸਲੀ ਅਰਥਾਂ ਵਿਚ ਵੰਡਾਉਣ ਵਾਲਾ, ਕੇਵਲ ਜੀਵਨ-ਸਾਥੀ ਹੀ ਹੋ ਸਕਦਾ ਹੈ, ਅਤੇ ਹੁੰਦਾ ਭੀ ਹੈ। ਅੰਮ੍ਰਿਤਧਾਰੀ ਗੁਰਸਿਖ ਦਾ ਜੀਵਨ ਤਾਂ ਦੁਨੀਆ ਵਾਸਤੇ ਘਰੋਗੀ-ਸੁੱਖ ਕਰਕੇ ਮਿਸਾਲ ਹੋਣਾ ਚਾਹੀਦਾ ਹੈ, ਨਾ ਕਿ ਪੁਆੜੇ ਦੀ ਜੜ੍ਹ।

ਲੜਾਈ ਝਗੜੇ ਵਾਲੇ ਗ੍ਰਿਹਸਤ ਨੂੰ ਤਾਂ ਸਮਝ ਲਓ ਕਿ ਰੱਬ ਦੀ ਮਾਰ ਹੁੰਦੀ ਹੈ। ਜੇ ਗ੍ਰਿਹਸਤ ਨੂੰ ਰੱਬ ਦੀ ਮਾਰ ਹੈ ਤਾਂ ਅਜਿਹੇ ਗ੍ਰਿਹਸਤ ਦੇ ਮੈਂਬਰਾਂ ਨੂੰ ਰੱਬ ਦਾ ਪਿਆਰ ਕਦੋਂ ਮਿਲਿਆ ? ਤਾਂ ਫਿਰ ਗ੍ਰਿਹਸਤ ਦੇ ਮੁਖੀ ਦਾ ਕੀ ਹਾਲ ? ਸੋ ਸਮੂਹ ਅੰਮ੍ਰਿਤਧਾਰੀ ਸਿੰਘਾਂ ਅਤੇ ਸਿੰਘਣੀਆਂ ਨੂੰ, ਉਪਰ ਦਰਸਾਏ ਗਏ ਗੁਰੂ ਸਾਹਿਬ ਜੀ ਦੇ ਹੁਕਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਤਾਂ ਜੁ ਹਲਤਿ ਵੀ ਸੁਖੀ ਤੇ ਪਲਤਿ ਭੀ ਸੁਖੀ, ਅਤੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਹੀ ਖੁਸ਼ੀਆਂ।



www.AKJ.Org

# ਭੈ ਤੇ ਨਿਰਭਉ ਪਾਈਐ

[ਡਾਕਟਰ ਰਤਨ ਸਿੰਘ ਜੀ ਜੱਗੀ]

ਪ੍ਰਮਾਤਮਾ ਦੇ ਭੈ ਵਿਚ ਰਹਿਣ ਜਾਂ ਸੰਸਾਰਿਕ ਯਾਤਰਾ ਕਰਨ ਵੇਲੇ ਪ੍ਰਮਾਤਮਾ ਤੋਂ ਡਰਨ ਦੀ ਗੱਲ ਬਹੁਤ ਸਾਰੇ ਧਰਮ ਗ੍ਰੰਥਾਂ ਵਿਚ ਲਿਖੀ ਮਿਲਦੀ ਹੈ। ਗੁਰਬਾਣੀ ਵਿਚ ਵੀ ਪ੍ਰਮਾਤਮਾ ਤੋਂ ਡਰਨ ਦੀ ਥਾਂ ਥਾਂ ਤਾਕੀਦ ਕੀਤੀ ਗਈ ਹੈ। ਇਸ ਤੋਂ ਬਿਨਾਂ ਪ੍ਰਮਾਤਮਾ ਦੀ ਭਗਤੀ, ਜਾਂ ਉਸ ਨਾਲ ਪ੍ਰੇਮ ਸਥਾਪਿਤ ਹੋਣ ਦੀ ਗੱਲ ਸੰਭਵ ਹੀ ਨਹੀਂ ਹੋ ਸਕਦੀ, ਕਿਉਂਕਿ– ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥੨॥੫॥

(ਆਸਾ ਦੀ ਵਾਰ, ਪਉੜੀ ਮ: ੧, ਪੰਨਾ ੪੬੫)

ਈਸ਼ਵਰ ਸ਼ਕਤੀ ਜਾਂ ਇਸ਼ਟ ਦੇਵ ਤੋਂ ਡਰਨ ਦੀ ਗੱਲ ਦਾ ਪਿਛੋਕੜ ਲੱਭਣ ਵੇਲੇ ਸਾਨੂੰ ਪ੍ਰਤੀਤ ਹੁੰਦਾ ਹੈ ਕਿ ਸ਼ੈਵ ਮਤ ਵਿਚ 'ਭੈ' ਦੇ ਭਾਵ ਦੀ ਚਰਚਾ ਹੋਈ ਹੈ। ਉਥੇ ਮ੍ਰਿਤੂ ਦੇਵਤਾ ਅਤੇ ਤਿੰਨ ਪ੍ਰਕਾਰ ਦੇ ਕਸ਼ਟਾਂ ਨੂੰ ਨਸ਼ਟ ਕਰਨ ਵਾਲੇ ਸ਼ਿਵ ਦੀ ਕਲਪਨਾ ਕੀਤੀ ਗਈ ਹੈ। ਉਸ ਨੂੰ ਪ੍ਰਸੰਨ ਰਖਣ ਲਈ, ਉਸ ਦੀ ਉਪਾਸ਼ਨਾ ਵਿਚ ਭੈ ਦੇ ਭਾਵ ਨੂੰ ਵੀ ਸ਼ਾਮਲ ਕੀਤਾ ਗਿਆ। ਸਾਮੀ ਧਰਮਾਂ ਵਿਚੋਂ ਇਸਲਾਮ ਰੱਬ ਦੇ ਡਰ ਦੀ ਗੱਲ ਵਧੇਰੇ ਸਪਸ਼ਟਤਾ ਨਾਲ ਕਰਦਾ ਹੈ। ਕੁਰਾਨ ਸ਼ਰੀਫ਼ ਵਿਚ ਖ਼ੁਦਾ ਤੋਂ ਡਰਦੇ ਰਹਿਣ ਲਈ ਚੇਤਾਵਨੀ ਦਿਤੀ ਗਈ ਹੈ, ਕਿਉਂਕਿ ਮਾੜੇ ਕਰਮ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦਿਤੀਆਂ ਜਾਂਦੀਆਂ ਹਨ। ਇਸਲਾਮ ਵਿਚ ਰੱਬ ਦਾ ਸੰਕਲਪ 'ਜਾਬਰ' (ਜਬਰ ਵਾਲਾ) ਤੇ 'ਕਹਾਰ' (ਕਹਿਰ ਵਾਲਾ) ਵੀ ਹੈ, ਜਿਸ ਤੋਂ ਭੈ ਦੀ ਉਤਪਤੀ ਹੋਣਾ ਸੁਭਾਵਿਕ ਹੈ।

ਗੁਰਬਾਣੀ ਵਿਚ ਰੱਬ ਦੇ ਭੈ ਦਾ ਸੰਕਲਪ ਨ ਸ਼ੈਵ ਮਤ ਵਾਲਾ ਹੈ ਅਤੇ ਨ ਹੀ ਇਸਲਾਮ ਦੇ ਅੱਲਾਹ ਦੇ ਭੈ ਵਰਗਾ ਹੈ। ਇਸ ਦਾ ਰੂਪ ਪਰੰਪਰਾਗਤ ਭੈ-ਭਾਵ ਤੋਂ ਵਖਰਾ ਅਤੇ ਸੁਤੰਤਰ ਚਿੰਤਨ ਤੇ ਆਧਾਰਿਤ ਹੈ। ਇਸ ਤੋਂ ਭਾਵ ਹੈ ਸੰਸਾਰਿਕ ਕਾਰਜ-ਵਿਧਾਨ ਪ੍ਰਤੀ ਅਨੁਸ਼ਾਸਨ ਜਾਂ ਮਰਯਾਦਾ ਵਿਚ ਰਹਿਣਾ ਅਤੇ ਉਸ ਨੂੰ ਸਿਰ ਮਥੇ ਮੰਨ ਕੇ ਸੰਸਾਰਿਕ ਯਾਤਰਾ ਕਰਨਾ। ਇਸ ਪ੍ਰਕਾਰ ਦੇ ਡਰ ਵਿਚ ਅਸਲੋਂ ਸਾਰੀ ਸ੍ਰਿਸ਼ਟੀ, ਸਾਰਾ ਬ੍ਰਹਮੰਡ, ਸਾਰੀ ਸੰਸਾਰਿਕ ਗਤੀਵਿਧੀ, ਸਾਰੀ ਮਖ਼ਲੂਕ ਅਦਬ ਵਿਚ ਖੜੋਤੀ ਪਾਲਨਾ ਕਰਨ ਲਈ ਤਤਪਰ ਹੈ :–

ਭੈ ਵਿਚਿ ਪਵਣੁ ਵਹੈ ਸਦ ਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥੧॥੪॥

[ਆਸਾ ਦੀ ਵਾਰ, ਸਲੋਕ ਮ: ੧, ਪੰਨਾ ੪੬੪

ਭੈ ਦੇ ਸਰੂਪ ਨੂੰ ਸਪਸ਼ਟ ਕਰਦੇ ਹੋਇਆਂ ਗੁਰੂ ਨਾਨਕ ਦੇਵ ਨੇ ਭੈ ਦੋ ਪ੍ਰਕਾਰ ਦਾ ਦਸਿਆ ਹੈ–ਇਕ ਸੰਸਾਰਿਕ ਭੈ ਅਤੇ ਦੂਜਾ ਵਾਸਤਵਿਕ ਪ੍ਰਮਾਤਮਾ ਦਾ ਭੈ।

ਪਹਿਲਾ ਭੈ ਸੰਸਾਰਿਕ ਖ਼ਤਰਿਆਂ ਦੁਖਾਂ ਤਕਲੀਫ਼ਾਂ ਤੋਂ ਪੈਦਾ ਹੁੰਦਾ ਹੈ। ਇਸੇ ਤਰ੍ਹਾਂ ਪਰਾਸ਼ਰੀਰਕ ਸ਼ਕਤੀਆਂ ਜਿਵੇਂ ਜਮ, ਰਾਖਸ਼, ਜਿੰਨ ਭੂਤ ਆਦਿ ਦਾ ਭੈ ਵੀ ਸੰਸਾਰਿਕ ਭੈ ਦੀ ਸੀਮਾ ਵਿਚ ਆਉਂਦਾ ਹੈ। ਇਸ ਨੂੰ ਦੁਨਿਆਵੀ ਭੈ ਜਾਂ ਸਾਧਾਰਨ ਭੈ ਵੀ ਕਿਹਾ ਜਾ ਸਕਦਾ ਹੈ। ਦੂਜੇ ਭੈ ਦਾ ਸੰਬੰਧ ਪ੍ਰਮਾਤਮਾ ਦੇ ਹੁਕਮ, ਰਜ਼ਾ ਜਾਂ ਭਾਣੇ ਵਿਚ ਚਲਣ ਨਾਲ ਹੈ। ਇਸ ਵਿਚ ਆਪਣੀ ਤੁੱਛਤਾ ਅਤੇ ਆਪਣੇ ਵਿਚ ਦੋਸ਼ ਵੇਖਣ ਦੀ ਰੁਚੀ ਦਾ ਸਥਾਨ ਵੀ ਹੈ। ਇਸ ਪ੍ਰਕਾਰ ਦੇ ਭੈ ਨੂੰ ਗੁਰੂ ਰਾਮ ਦਾਸ ਜੀ ਨੇ 'ਨਿਰਮਲ ਭਉ' ਨਾਂ ਦਿਤਾ ਹੈ–

ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥ (੭੭੩-੭੪)

ਡਾਕਟਰ ਜਸਵੰਤ ਸਿੰਘ ਨੇਕੀ ਦਾ ਵਿਚਾਰ ਹੈ ਕਿ ਇਸ ਭਉ ਦੀ ਅਵਸਥਾ ਵਿਚ ਕਿਸੇ ਖ਼ਤਰੇ ਦਾ ਅਨੁਭਵ ਨਹੀਂ ਹੁੰਦਾ, ਸਗੋਂ ਸਾਡੀ ਹੋਂਦ ਆਪਣੇ ਆਪ ਨੂੰ ਕਿਸੇ ਅਲੌਕਿਕ ਜਾਦੂ ਦੀ ਬਲਵਾਨ ਪਕੜ ਵਿਚ ਮਹਿਸੂਸ ਕਰਦੀ ਹੈ, ਪਰ ਉਸ ਤੋਂ ਮੁਕਤ ਹੋਣ ਦਾ ਕੋਈ ਯਤਨ ਨਹੀਂ ਕਰਦੀ। ਸਾਧਾਰਨ ਡਰ ਵੇਲੇ ਮਨੁੱਖ ਭਉ ਦੇ ਸੋਮੇ ਤੋਂ ਭੱਜਣ



www.AKJ.Org

ਦੀ ਕੋਸ਼ਿਸ਼ ਕਰਦਾ ਹੈ, ਪਰ 'ਨਿਰਮਲ ਭਉ' ਵਿਚ ਉਹ ਭਉ ਦੇ ਸੋਮੇ ਵਲ ਖਿਚੀਂਦਾ ਜਾਂਦਾ ਹੈ ਅਤੇ ਉਸ ਧੂ ਨੂੰ, ਜੋ ਉਸ ਨੂੰ ਤਨੋਂ ਮਨੋਂ ਸੁਖਾਵੀਂ ਲਗਦੀ ਹੈ, ਹੱਸ ਕੇ ਸਵੀਕਾਰ ਕਰਦਾ ਹੈ। ਸਾਧਾਰਨ ਭਉ ਵਿਚ ਬੰਦਾ ਆਪਣੇ ਆਪ ਨੂੰ ਅਸੁਰਖਿਅਤ ਮਹਿਸੂਸ ਕਰਦਾ ਹੈ, ਪਰ ਰੱਬੀ ਭਉ ਵਿਚ ਉਸ ਨੂੰ ਨਾ ਕੇਵਲ ਪੂਰੀ ਸੁਰੱਖਿਆ ਦਾ ਵਿਸ਼ਵਾਸ ਹੁੰਦਾ ਹੈ, ਸਗੋਂ ਇਕ ਭਰਪੂਰ ਭਰੋਸੇ ਦੀ ਸ਼ਾਂਤੀ ਉਸ ਦੀ ਹੋਂਦ ਵਿਚ ਸਿੰਜਰਦੀ ਹੁੰਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਦਸਿਆ ਹੈ ਕਿ ਜੇ ਵਾਸਤਵਿਕ ਭੈ ਰਾਹੀਂ ਮਨੁੱਖ ਨੂੰ ਆਤਮ ਸਰੂਪੀ ਘਰ ਦੀ ਪ੍ਰਾਪਤੀ ਹੋ ਜਾਏ ਤਾਂ ਉਸ ਦੇ ਹਿਰਦੇ ਰੂਪੀ ਘਰ ਵਿਚ ਅਜਿਹਾ ਭੈ ਵਸ ਜਾਂਦਾ ਹੈ, ਜਿਸ ਕਰਕੇ ਸੰਸਾਰਿਕ ਭੈ ਨਸ਼ਟ ਹੋ ਜਾਂਦਾ ਹੈ :

ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥ ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥੧॥

[ਗਉੜੀ ਮ: ੧, ਪੰਨਾ ੧੫੧

ਅਸਲ ਵਿਚ ਵਾਸਤਵਿਕ ਭੈ ਤੋਂ ਬਿਨਾਂ ਪ੍ਰਾਣੀ ਨਿਰਭੈਤਾ ਦੀ ਅਵਸਥਾ ਨੂੰ ਪ੍ਰਾਪਤ ਹੀ ਨਹੀਂ ਕਰ ਸਕਦਾ। ਸੰਸਾਰਿਕ ਭੈ ਤਾਂ ਮਨ ਦੇ ਸੰਕਲਪ ਅਤੇ ਵਿਕਲਪ ਦੇ ਦੁਅੰਦ ਦਾ ਫਲ ਹੈ। ਇਸ ਨਾਲ ਸੰਸਾਰਿਕ ਪਰਪੰਚ ਵਿਚ ਜਾਗਿਆਸੂ ਹੋਰ ਉਲਝਦਾ ਹੈ। ਇਸ ਲਈ 'ਨਿਰਮਲ ਭਉ' ਨੂੰ ਮਨ ਵਿਚ ਧਾਰਨ ਕਰਨਾ ਹੀ ਉਚਿਤ ਹੈ। ਇਸ ਤੋਂ ਬਿਨਾਂ ਭਗਤੀ ਕਰ ਸਕਣਾ ਸੰਭਵ ਨਹੀਂ–

ਵਿਣੁ ਭੈ ਪਇਐ ਭਗਤਿ ਨ ਹੋਈ ॥੧॥ (ਬਿਲਾਵਲੁ ਅਸ: ਮ: ੧, ਪੰਨਾ ੮੩੧)

ਇਸ ਭੈ ਤੋਂ ਬਿਨਾਂ ਭਰਮ ਕਟ ਨਹੀਂ ਸਕਦੇ ਅਤੇ ਨਾਮ ਨਾਲ ਪ੍ਰੇਮ ਭਾਵ ਦੀ ਸਥਾਪਨਾ ਨਹੀਂ ਹੋ ਸਕਦੀ। ਮਨਮੁਖ ਵਿਅਕਤੀ ਭੈ ਦੀ ਵਾਸਤਵਿਕਤਾ ਨੂੰ ਨਹੀਂ ਸਮਝਦੇ ਅਤੇ ਤ੍ਰਿਸ਼ਨਾ ਦੀ ਅੱਗ ਵਿਚ ਸੜਦੇ ਹੋਇਆਂ ਚੀਕਦੇ ਹਨ–

ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ ॥ (੧੨੮੮)

ਇਸ ਤਰ੍ਹਾਂ ਪ੍ਰਮਾਤਮਾ ਪ੍ਰਤਿ ਭੈ ਦੀ ਭਾਵਨਾ ਦੇ ਜਾਗ੍ਰਿਤ ਹੋਣ ਨਾਲ ਹੀ ਸੰਸਾਰਿਕ ਭੈ ਨਸ਼ਟ ਹੁੰਦੇ ਹਨ, ਭਗਤੀ ਸਫਲ ਹੁੰਦੀ ਹੈ, ਭਰਮ ਨਸ਼ਟ ਹੁੰਦੇ ਹਨ। ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਇਹੀ ਸਹੀ ਸਾਧਨ ਹੈ, ਮੰਜ਼ਿਲ ਵਲ ਵਧਣ ਦਾ ਗਾਡੀ ਰਾਹ ਹੈ–

ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ ॥
ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ ॥
ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰ ॥੨੨॥ (੧੨੮੮)

ਇਸ ਭੈ ਦੀ ਪ੍ਰਾਪਤੀ ਲਈ ਗੁਰਬਾਣੀ ਵਿਚ ਸਤਿਗੁਰੂ/ਗੁਰੂ ਦਾ ਵਿਸ਼ੇਸ਼ ਮਹੱਤਵ ਦਸਿਆ ਗਿਆ ਹੈ, ਕਿਉਂਕਿ ਸਤਿਗੁਰੂ ਦੇ ਮਿਲਣ ਉਪਰੰਤ ਹੀ ਇਸ ਪ੍ਰਕਾਰ ਦਾ ਸੱਚਾ ਭੈ ਉਤਪੰਨ ਹੋ ਸਕਦਾ ਹੈ, ਫਿਰ ਇਸ ਭੈ ਦੇ ਨਾਲ ਪ੍ਰੇਮ ਦਾ ਸਰੂਪ ਸੰਵਾਰਿਆ ਜਾ ਸਕਦਾ ਹੈ–

ਸਤਿਗੁਰਿ ਮਿਲਿਐ ਭਉ ਉਪਜੈ ਭੈ ਭਾਇ ਰੰਗੁ ਸਵਾਰਿ ॥੬॥ (੭੮੮)

ਸਤਿਗੁਰੂ ਰਾਹੀਂ ਭੈ ਦੀ ਉਤਪੱਤੀ ਨਾਲ ਮੋਖ ਦੁਆਰ ਦੀ ਪ੍ਰਾਪਤੀ ਹੁੰਦੀ ਹੈ–

ਸਤਿਗੁਰ ਤੇ ਭਉ ਉਪਜੈ ਪਾਈਐ ਮੋਖ ਦੁਆਰ ॥ (੧੨੮੮)

ਭੈ ਅਤੇ ਭਾਵ (ਪ੍ਰੇਮ) ਦੇ ਪਰਸਪਰ ਸੰਬੰਧ ਦੀ ਸਥਾਪਨਾ ਗੁਰਬਾਣੀ ਵਿਚ ਕਈ ਢੰਗਾਂ ਨਾਲ ਕੀਤੀ ਗਈ ਹੈ। ਇਸ ਦਾ ਵਿਸ਼ੇਸ਼ ਸਰੂਪ ਉਥੇ ਵੇਖਿਆ ਜਾ ਸਕਦਾ ਹੈ ਜਿਥੇ ਪ੍ਰੇਮ ਭਾਵ ਦੀ ਅਭਿਵਿਅਕਤੀ ਵੇਲੇ ਪ੍ਰਮਾਤਮਾ ਰੂਪੀ ਪਤੀ ਨੂੰ ਪ੍ਰਸੰਨ ਕਰਨ ਲਈ ਗੁਰੂ (ਸਾਧਕ) ਰੂਪੀ ਪਤਨੀ ਅਨੁਕੂਲ ਕਾਰਜ ਕਰਦੀ ਹੈ।

–ਅਜੀਤ, ੮-੭-੮੬


www.AKJ.Org

# ਵੇਖ ਕੇ ਅਣਡਿਠਾ ਕੀਤਾ

[ਸ: ਨਰੈਣ ਸਿੰਘ ਜੀ ਐਮ. ਏ., ਸਕੱਤਰ, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਇਸ ਲੇਖ-ਲੜੀ ਵਿਚ ਪਹਿਲਾਂ ਤਿੰਨ ਲੇਖ ਪਿਛਲੇ ਅੰਕਾਂ ਵਿਚ ਛਪ ਚੁਕੇ ਹਨ— (੧) ਸਿੱਖਾਂ ਦੀ ਮਾਰਸ਼ਲ ਸਪਿਰਿਟ ਅਤੇ ਕੁਰਬਾਨੀ ਦਾ ਜਜ਼ਬਾ, (੨) ਕਾਂਗਰਸ ਅਤੇ ਉਸ ਦੇ ਨੇਤਾਵਾਂ ਵਲੋਂ ਵਾਹਿਦੇ, (੩) ਸਿੱਖਾਂ ਪ੍ਰਤੀ ਹਿੰਦੂ-ਬ੍ਰਾਹਮਣ-ਵਿਰੋਧੀ ਰੋਲ । ਹੁਣ ਇਸੇ ਸੰਬੰਧ ਵਿਚ ਅਗਲਾ ਲੇਖ ਪਾਠਕਾਂ ਦੀ ਭੇਟ ਕੀਤਾ ਜਾ ਰਿਹਾ ਹੈ । —ਸੰਪਾਦਕ

---

ਅੰਗ੍ਰੇਜ਼ ਗੁਣ (merit) ਦੀ ਕਦਰ ਕਰਦਾ ਸੀ । ਅੰਗ੍ਰੇਜ਼ ਨੂੰ ਇਹ ਨਿਸਚੇ ਹੋ ਚੁੱਕਾ ਸੀ ਕਿ ਸਿਖ ਸਮੁੱਚੇ ਤੌਰ ਤੇ ਬਹਾਦਰ ਤੇ ਵਫ਼ਾਦਾਰ (faithful) ਹਨ । ਸੋ ਉਸ ਨੇ ਸਿਖਾਂ ਨੂੰ ਆਪਣੀਆਂ ਫ਼ੌਜਾਂ ਅੰਦਰ ਵਿਸ਼ੇਸ਼ ਥਾਉਂ ਦਿਤਾ ਅਤੇ ਭਰਤੀ ਹੋਏ ਹਰ ਸਿਖ ਨੂੰ ਸਿਖੀ ਰਹਿਤ ਰਹਿਣੀ ਅਤੇ ਇਸ ਵਿਚ ਪਰਪੱਕ ਹੋਣ ਦੀ ਚੇਤਨਾ ਦਿਤੀ, ਜਿਸ ਨੇ ਸਿਖਾਂ ਦੀ ਮਾਰਸ਼ਲ ਸਪਿਰਿਟ ਅਤੇ ਸਿਖੀ ਜੀਵਨ ਧਾਰੇ ਰੱਖਣ ਨੂੰ ਬਲ ਦਿਤਾ । ਇਸ ਦਾ ਫਲ ਸੀ ਕਿ ਦੇਸ਼ ਦੀ ਸਾਰੀ ਵਸੋਂ ਅੰਦਰ ਤਦੋਂ ੧.੫ ਫ਼ੀ ਸਦੀ ਥਾਉਂ ਰਖਦੇ ਹੋਏ ਵੀ ਫ਼ੌਜਾਂ ਵਿਚ ਸਿਖ ਗਿਣਤੀ ੩੦ ਫ਼ੀ ਸਦੀ ਤਕ ਚਲੀ ਗਈ ਅਤੇ ਅੰਗ੍ਰੇਜ਼ ਦੀ ਨਜ਼ਰ ਵਿਚ ਹਿੰਦੂ ਮੁਸਲਮਾਨ ਦੇ ਮੁਕਾਬਲੇ ਦੀ, 'ਸਿਖ' ਦੇਸ਼ ਦੀ ਤੀਜੀ ਕੌਮ ਗਿਣੀ ਗਈ। ਬਲਕਿ ਦੇਸ਼ ਛਡ ਜਾਣ ਅਥਵਾ ਦੇਸ਼ ਨੂੰ ਆਜ਼ਾਦ ਕਰ ਦੇਣ ਸਮੇਂ (੧੯੪੭) ਵੀ ਅੰਗ੍ਰੇਜ਼ ਚਾਹੁੰਦਾ ਰਿਹਾ ਕਿ ਜੇ ਦੇਸ਼ ਦਾ ਬਟਵਾਰਾ ਹੋਣਾ ਹੀ ਹੈ ਤਾਂ ਹਿੰਦੂ ਦੇ ਭਾਰਤ ਅਤੇ ਮੁਸਲਮਾਨ ਦੇ ਪਾਕਿਸਤਾਨ ਵਿਚਾਲੇ ਸਿਖਾਂ ਦੀ ਵਖਰੀ ਸਿਖ ਸਟੇਟ ਕਾਇਮ ਹੋ ਜਾਵੇ । ਪ੍ਰੰਤੂ ਅੰਗ੍ਰੇਜ਼ ਦੀ ਇਸ ਪੇਸ਼ਕਸ਼ ਦਾ ਜੋ ਹਸ਼ਰ ਹੋਇਆ, ਉਹ ਪਾਠਕ ਵੇਖ ਚੁਕੇ ਹਨ ।

ਦੇਸ਼ ਦੇ ਬਟਵਾਰੇ ਸਮੇਂ ਵਖਰੀ ਸਿਖ ਸਟੇਟ ਨਾ ਬਣਨ ਦਾ ਕਾਰਨ ਮੁਖ ਰੂਪ ਵਿਚ ਭਾਵੇਂ ਕਾਂਗ੍ਰਸੀ ਮੁਖੀਆਂ ਵਲੋਂ ਦਿਤੇ ਭਰੋਸੇ ਹੀ ਸਨ, ਪਰ ਮੁਢਲੇ ਤੌਰ ਤੇ (basically) ਸਿਖ ਦਾ ਦੇਸ਼ ਪਿਆਰ (ਹੁਬੁਲ ਵਤਨੀ) ਅਤੇ ਦੇਸ਼-ਹਿਤ ਆਪਣਾ ਆਪ ਕੁਰਬਾਨ ਕਰ ਦੇਣ ਦੀ ਸਪਿਰਿਟ ਹੀ ਸੀ । ਵੇਖ ਕੇ ਅਣਡਿਠ ਕਰਨਾ ਸਿਖ ਸੁਭਾਉ ਦਾ ਆਦਿ ਤੋਂ ਖਾਸਾ ਰਿਹਾ ਹੈ । ਅਸੀਂ ਰੋਜ਼ਾਨਾ ਕੀਤੀ ਜਾਂਦੀ ਅਰਦਾਸ ਵਿਚ 'ਵੇਖ ਕੇ ਅਣਡਿਠ ਕਰਨ ਵਾਲਿਆਂ ਦਾ ਧਿਆਨ ਧਰਦੇ' ਅਤੇ ਉਨ੍ਹਾਂ ਦੀ ਪਰਸੰਸਾ ਕਰਦੇ ਹਾਂ । ਆਪਣੇ ਇਸ ਗੁਣ ਨੂੰ ਸਿਖਾਂ ਨੇ ਹਿੰਦੂ ਲੀਡਰਸ਼ਿਪ ਨੂੰ ਮੁਆਫ਼ ਕਰ ਦੇਣ ਹਿਤ ਜਿਤਨਾ ਕੁ ਵਰਤਿਆ ਹੈ, ਇਸ ਦੀ ਮਿਸਾਲ ਨਹੀਂ ਮਿਲਦੀ । ਉਦਾਹਰਨ ਮਾਤਰ ਇਕ ਅਹਿਮ ਵਾਕਿਆ ਦਾ ਜ਼ਿਕਰ ਕਰ ਦੇਣਾ ਹੀ ਕਾਫ਼ੀ ਹੋਵੇਗਾ :—

ਸੰਨ ੧੯੩੬ ਵਿਚ ਡਾਕਟਰ ਅੰਬੇਦਕਰ ਦੀ ਵਾਹਿਦ ਲੀਡਰਸ਼ਿਪ ਹੇਠ ਦੇਸ਼ ਦੀਆਂ ਅਛੂਤ ਜਾਤੀਆਂ, ਜਿਨ੍ਹਾਂ ਦੀ ਗਿਣਤੀ ਤਦੋਂ ਨੌਂ ਕਰੋੜ ਦਸੀ ਜਾਂਦੀ ਸੀ, ਨੇ ਸਿਖ ਧਰਮ ਗ੍ਰਹਿਣ ਕਰ ਲੈਣ ਦਾ ਫ਼ੈਸਲਾ ਕਰ ਲੀਤਾ ਸੀ, ਜਿਸ ਦਾ ਐਲਾਨ ਡਾਕਟਰ ਨੇ ਅੰਮ੍ਰਿਤਸਰ ਵਿਚ ਸੰਨ ੧੯੩੬ ਵਿਚ ਹੋਈ ਗੁਰਮਤਿ ਪ੍ਰਚਾਰ ਕਾਨਫ੍ਰੰਸ ਵਿਚ ਕਰ ਕੇ ਅਛੂਤਾਂ ਅੰਦਰ ਗੁਰਮਤਿ ਦੇ ਪ੍ਰਚਾਰ ਦੀ ਟ੍ਰੇਨਿੰਗ ਲਈ ਆਪਣੇ ਪੜ੍ਹੇ ਲਿਖੇ ੧੪ ਸਜਣਾਂ ਨੂੰ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਦਾਖਲ ਵੀ ਕਰਵਾ ਦਿਤਾ ਸੀ । ਡਾਕਟਰ ਵਲੋਂ ਸਰਬ ਹਿੰਦ ਸਿਖ ਮਿਸ਼ਨ ਪਾਸੋਂ ਕੀਤੀਆਂ ਮੰਗਾਂ (i) ਬੰਬਈ ਵਿਚ ਉਨ੍ਹਾਂ ਲਈ ਕਾਲਜ ਦੀ ਸਥਾਪਨਾ ਅਤੇ (ii) ਉਨ੍ਹਾਂ ਦੇ ਅਖ਼ਬਾਰ 'ਜਨਤਾ' ਵਾਸਤੇ ਛਾਪਾਖਾਨਾ ਲਾ ਦੇਣਾ, ਮਿਸ਼ਨ ਨੇ ਪ੍ਰਵਾਨ ਕਰ ਕੇ ਇਨ੍ਹਾਂ ਵਾਸਤੇ ਦਾਦਰ ਅਤੇ ਮਾਟੁੰਗਾ (ਬੰਬਈ) ਦੀਆਂ ਕਾਲੋਨੀਆਂ ਵਿਚ ਥਾਵਾਂ ਭੀ ਖ਼ੀਦ ਲਈਆਂ ਸਨ ਅਤੇ ਇਹ ਗੱਲ ਤੈਅ ਹੋਈ ਜਾਪਦੀ ਸੀ ਕਿ ਨੌਂ ਕਰੋੜ ਅਛੂਤ ਸਿੰਘ ਸਜ ਜਾਣਗੇ ।

ਮਾਸਟਰ ਤਾਰਾ ਸਿੰਘ ਚਾਹੁੰਦੇ ਸਨ ਕਿ ਇਸ ਲਈ ਹਿੰਦੂ ਲੀਡਰਾਂ ਦਾ ਸਹਿਯੋਗ ਵੀ ਪ੍ਰਾਪਤ ਕਰ ਲਿਆ ਜਾਵੇ । ਚੁਨਾਂਚਿ ਉਨ੍ਹਾਂ ਮਿਸ਼ਨ ਦੇ ਜਨਰਲ ਸਕੱਤਰ ਮਾਸਟਰ ਸੁਜਾਨ ਸਿੰਘ ਨੂੰ ਮਹਾਤਮਾ ਗਾਂਧੀ ਪਾਸ ਇਸ ਪਰਥਾਏ ਉਨ੍ਹਾਂ ਦੀ ਸੰਮਤੀ ਲੈਣ ਹਿਤ ਭੇਜਿਆ । ਇਸ ਤੋਂ ਪਹਿਲੋਂ ਪੰਡਤ ਮਾਲਵੀਆ ਅਤੇ ਸ੍ਰੀ ਜੁਗਲ ਕਿਸ਼ੋਰ



www.AKJ.Org

ਬਿਰਲਾ ਦੀ ਸਹਿਮਤੀ ਉਹ ਲੈ ਚੁਕੇ ਸਨ, ਬਲਕਿ ਬਿਰਲਾ ਜੀ ਨੇ ਇਸ ਕੰਮ ਲਈ ਪੰਝੀ ਹਜ਼ਾਰ ਰੁਪਏ ਭੀ ਮਾਸਟਰ ਜੀ ਨੂੰ ਭੇਜੇ ਸਨ।

ਮਹਾਤਮਾ ਜੀ ਦੀ ਇਸ ਨਾਲ ਸਹਿਮਤੀ ਯਕੀਨੀ ਸਮਝੀ ਜਾਂਦੀ ਸੀ, ਕਿਉਂਕਿ ਇਸ ਤੋਂ ਪਹਿਲੋਂ ਮਾਸਟਰ ਜੀ ਦੇ ਇਕ ਪੱਤਰ ਦੇ ਉੱਤਰ ਵਿਚ ਮਹਾਤਮਾ ਜੀ ਨੇ ਸਪਸ਼ਟ ਕੀਤਾ ਸੀ ਕਿ "ਮੈਂ ਹਿੰਦੂ ਹੋਣ ਦੇ ਨਾਤੇ ਨਹੀਂ, ਬਲਕਿ ਇੰਡੀਅਨ ਨੈਸ਼ਨਲਿਸਟ ਹੋਣ ਦੇ ਨਾਤੇ ਹਰ ਗੱਲ ਕਰਦਾ ਹਾਂ ਅਤੇ ਮੇਰੇ ਲਈ ਹਿੰਦ-ਵਾਸੀ ਹਿੰਦੂ ਹੋਵੇ, ਮੁਸਲਮਾਨ ਜਾਂ ਸਿਖ, ਸਾਰੇ ਸਮਾਨ ਹਨ।"

ਮਾਸਟਰ ਸੁਜਾਨ ਸਿੰਘ ਮਹਾਤਮਾ ਜੀ ਨੂੰ ਮਿਲੇ ਅਤੇ ਜੋ ਸੰਖੇਪ ਗੱਲ ਬਾਤ ਉਨ੍ਹਾਂ ਵਿਚਾਲੇ ਹੋਈ, ਉਹ ਮਾਸਟਰ ਜੀ ਦੀ ਜ਼ਬਾਨੀ, ਜਿਵੇਂ ਕਿ ਉਨ੍ਹਾਂ ਮੇਰੇ ਨਾਲ ਜ਼ਾਤੀ ਤੌਰ ਤੇ ਕੀਤੀ, ਇਉਂ ਸੀ :

ਮਾਸਟਰ : ਮਹਾਤਮਾ ਜੀ, ਮੈਂ ਆਪ ਦੀ ਸੰਮਤੀ ਲੈਣ ਆਇਆ ਹਾਂ ਕਿ ਅਗਰ ਅਛੂਤ ਲੋਕ ਸਿਖ ਧਰਮ ਗ੍ਰਹਿਣ ਕਰ ਲੈਣ ਤਾਂ ਆਪ ਨੂੰ ਇਸ ਵਿਚ ਕੋਈ ਇਤਰਾਜ਼ ਤਾਂ ਨਹੀਂ ?

ਮਹਾਤਮਾ ਜੀ : ਕਿਆ ਸਿਖ ਹਿੰਦੂ ਹੈਂ ? ਮਾਸਟਰ : ਨਹੀਂ।

ਮਹਾਤਮਾ ਜੀ : ਤੋ ਵਹੁ ਸਿਖ ਕਿਉਂ ਬਨੇਂ ? ਅਗਰ ਉਨ੍ਹੋਂ ਨੇ ਹਿੰਦੂ ਧਰਮ ਛੋੜਨਾ ਹੀ ਹੈ, ਤੋ ਵਹੁ ਮੁਸਲਮਾਨ ਕਿਉਂ ਨ ਬਨ ਜਾਏਂ ?

ਮਾਸਟਰ : ਮਹਾਤਮਾ ਜੀ, ਆਪ ਤੋ ਨੈਸ਼ਨਲਿਸਟ ਹੈਂ, ਆਪ ਕੀ ਨਜ਼ਰ ਮੇਂ ਸਭ ਲੋਗ ਸਮਾਨ ਹੈਂ। ਆਪ ਕੋ ਸਿਖ ਔਰ ਮੁਸਲਮਾਨ ਮੇਂ ਫ਼ਰਕ ਕਿਉਂ ਨਜ਼ਰ ਪੜਤਾ ਹੈ ? ਸਿਖ ਬਨ ਕਰ ਭੀ ਵਹੁ ਹਿੰਦੁਸਤਾਨੀ ਤੋ ਰਹੇਂਗੇ ਹੀ।

ਮਹਾਤਮਾ ਜੀ : ਯਿਹ ਕੈਸੇ ਹੋ ਸਕਤਾ ਹੈ ? ਸਿਖ ਬਨ ਜਾਨੇ ਸੇ ਵੁਹ ਹਿੰਦੂ ਤੋ ਨਹੀਂ ਰਹੇਂਗੇ।

ਮਾਸਟਰ ਸੁਜਾਨ ਸਿੰਘ ਨੂੰ ਮਹਾਤਮਾ ਜੀ ਦੇ ਇਹ ਵਿਚਾਰ ਸੁਣ ਕੇ ਨਿਸਚਾ ਹੋ ਗਿਆ ਕਿ ਨੈਸ਼ਨਲਿਸਟ ਹੋਣ ਵਾਲੀ ਮਹਾਤਮਾ ਦੀ ਗੱਲ ਮਹਿਜ਼ ਵਿਖਾਵਾ ਹੀ ਸੀ। ਸੋ ਉਹ ਉਠ ਖੜਾ ਹੋਇਆ ਅਤੇ ਇਹ ਕਹਿੰਦਾ ਹੋਇਆ ਚਲਾ ਗਿਆ, 'ਅਗਰ ਹਿੰਦੂ ਸਿਖ ਮੇਂ ਆਪ ਕੋ ਭੇਦ ਨਜ਼ਰ ਆਤਾ ਹੈ ਤੋ ਆਪ ਇੰਡੀਅਨ ਨੈਸ਼ਨਲਿਸਟ ਕੈਸੇ ਹੈਂ, ਆਪ ਹਿਪੋਕ੍ਰਿਟ (Hypocrite=ਦੰਭੀ) ਹੈਂ ?'

ਦੂਜੇ ਬੰਨੇ ਡਾਕਟਰ ਨੂੰ ਦਿਤੇ ਬਚਨ ਅਨੁਸਾਰ ਸਿਖਾਂ ਵਲੋਂ ਪ੍ਰੈਸ ਖ਼ਰੀਦ ਕੇ ਦਾਦਰ ਵਾਲੇ ਪਲਾਟ ਵਿਚ ਲਗਾ ਦਿਤਾ ਗਿਆ ਸੀ, ਜਿਥੇ ਉਨ੍ਹਾਂ ਦਾ ਪਰਚਾ 'ਜਨਤਾ' ਛਪਣਾ ਸ਼ੁਰੂ ਹੋ ਗਿਆ ਸੀ ਅਤੇ ਮਾਟੂੰਗਾ ਕਾਲੋਨੀ ਵਿਚ 'ਗੁਰੂ ਨਾਨਕ ਕਾਲਜ' ਦੀ ਬਿਲਡਿੰਗ ਉਸਰਨੀ ਸ਼ੁਰੂ ਹੋ ਚੁਕੀ ਸੀ, ਜਿਸ ਦੀ ਨਿਗਰਾਨੀ ਹਿਤ ਇਸ ਲੇਖਕ ਨੂੰ ਬੰਬਈ ਭੇਜਿਆ ਗਿਆ ਸੀ, ਜਿਥੇ ਦੂਏ ਤੀਏ ਡਾ: ਅੰਬੇਦਕਰ ਕਾਲਜ ਕੈਂਪਸ ਤੇ ਆਉਂਦਾ ਅਤੇ ਘੰਟਾ ਘੰਟਾ, ਦੋ ਦੋ ਘੰਟੇ ਕਾਲਜ ਸੰਬੰਧੀ ਅਤੇ ਹੋਰ ਸਿਖ ਵਿਸ਼ਿਆਂ ਤੇ ਵਿਚਾਰ ਹੁੰਦੇ ਰਹਿੰਦੇ।

ਮਈ ੧੯੩੭ ਦੇ ਅੰਤ ਤਕ ਕਾਲਜ ਇਮਾਰਤ ਦੀਆਂ ਦੋ ਮੰਜ਼ਲਾਂ ਮੁਕੰਮਲ ਹੋ ਕੇ ਤੀਜੀ ਦੀ ਛੱਤ ਪਾਉਣੀ ਬਾਕੀ ਸੀ, ਜਦੋਂ ਪੰਜਾਬ ਤੋਂ ਨਨਕਾਣਾ ਸਾਹਿਬ ਕਮੇਟੀ ਦਾ ਪ੍ਰਧਾਨ ਜਥੇਦਾਰ ਤੇਜਾ ਸਿੰਘ, ਬਾਵਾ ਹਰਕਿਸ਼ਨ ਸਿੰਘ, ਪ੍ਰਿੰਸੀਪਲ ਕਸ਼ਮੀਰਾ ਸਿੰਘ, ਜਿਨ੍ਹਾਂ ਦੀ ਇਸ ਕਾਲਜ ਵਾਸਤੇ ਨਿਯੁਕਤੀ ਬਤੌਰ ਪ੍ਰਿੰਸੀਪਲ ਵੀ ਕੀਤੀ ਜਾ ਚੁਕੀ ਸੀ ਅਤੇ ਸ: ਈਸ਼ਰ ਸਿੰਘ ਮਝੈਲ ਬੰਬਈ ਪੁਜ ਗਏ। ਇਹ ਡਾਕਟਰ ਨਾਲ ਗੱਲ ਕਰਨਾ ਤੇ ਇਹ ਜਾਨਣਾ ਚਾਹੁੰਦੇ ਸਨ ਕਿ ਉਹ ਕਦੋਂ ਸਿੰਘ ਸਜੇਗਾ।

ਦੂਜੇ ਬੰਨੇ ਮਹਾਤਮਾ ਗਾਂਧੀ, ਪੰਡਤ ਮਦਨ ਮੋਹਨ ਮਾਲਵੀਆ ਰਾਹੀਂ, ਜੋ ਗਵਰਨਰ ਜਨਰਲ ਦੀ ਕੈਬਨਿਟ ਦਾ ਮੈਂਬਰ ਸੀ, ਹਿੰਦ ਸਰਕਾਰ ਤੇ ਜ਼ੋਰ ਪਾ ਰਿਹਾ ਸੀ ਕਿ ਸਰਕਾਰ ਅਛੂਤ ਜਾਤੀਆਂ ਨੂੰ ਵਿਸ਼ੇਸ਼ ਹਕੂਕ ਦਿਤੇ ਜਾਣ ਦਾ ਐਲਾਨ ਕਰੇ ਅਤੇ ਇਹ ਦਬਾਉ ਦੇਣ ਲਈ ਉਸ ਨੇ ਮਰਨ-ਵਰਤ ਰਖ ਦਿਤਾ ਸੀ। ਅਖੀਰ ਮਹਾਤਮਾ ਦੇ ਇਕੀ ਦਿਨਾਂ ਦੇ ਵਰਤ ਉਪ੍ਰੰਤ ਸਰਕਾਰ ਨੇ ਇਹ ਐਲਾਨ ਕਰ ਦਿਤਾ। ਇਸੇ ਦੌਰਾਨ ਕਈ ਅਛੂਤ ਲੀਡਰਾਂ ਨੂੰ ਡਾ:ਅੰਬੇਦਕਰ



www.AKJ.Org

ਨਾਲੋਂ ਪਾੜ ਕੇ ਬਹੁਤ ਸਾਰੇ ਅਛੂਤਾਂ ਨੂੰ ਹਿੰਦੂ ਅਛੂਤ ਰਹਿਣਾ ਮੰਨ ਲਿਆ ਗਿਆ ਸੀ। ਸਰਕਾਰੀ ਐਲਾਨ ਨੇ ਉਨ੍ਹਾਂ ਦੇ ਹੱਥ ਹੋਰ ਮਜ਼ਬੂਤ ਕਰ ਦਿਤੇ ਅਤੇ ਡਾ: ਅੰਬੇਦਕਰ ਵਲੋਂ ਸਿਖਾਂ ਨਾਲ ਕੀਤੇ ਵਾਹਿਦੇ ਮੁਆਹਿਦੇ ਪੀਤੇ ਗਏ। ਇਹ ਗੱਲ ਪੰਜਾਬ ਤੋਂ ਡਾਕਟਰ ਨੂੰ ਮਿਲਣ ਗਏ ਲੀਡਰਾਂ ਨੂੰ, ਜਿਨ੍ਹਾਂ ਵਿਚ ਦਾਸ ਵੀ ਸ਼ਾਮਲ ਸੀ, ਉਸ ਵਲੋਂ ਦਸੀ ਗਈ ਅਤੇ ਮਹਾਤਮਾ ਗਾਂਧੀ ਦੇ ਮਰਨ-ਵਰਤ ਨੇ ਅਛੂਤਾਂ ਦੇ ਸਿਖ ਬਣਨ ਵਾਲੇ ਕਾਂਡ ਦਾ ਭੋਗ ਪਾ ਦਿਤਾ।

ਇਹ ਸਾਰਾ ਬਿਰਤਾਂਤ ੧੯੩੭ ਦਾ ਹੈ, ਪਰ ਸਿਖਾਂ ਦੀ ਯਾਦਦਾਸ਼ਤ ਏਨੀ ਕਮਜ਼ੋਰ ਅਤੇ ਵੇਖ ਕੇ ਅਣਡਿਠ ਕਰ ਦੇਣ ਦੀ ਸ਼ਕਤੀ ਏਨੀ ਤੀਖਣ ਸੀ ਕਿ ੧੯੪੭ ਦੀ ਦੇਸ਼-ਵੰਡ ਤਕ ਇਨ੍ਹਾਂ ਸਭ ਕੁਝ ਭੁਲ-ਭੁਲਾ ਦਿਤਾ ਅਤੇ ਉਨ੍ਹਾਂ ਹੀ ਕਾਂਗ੍ਰਸੀ, ਪਰ ਵਾਸਤਵ ਵਿਚ ਕਟੜ ਫ਼ਿਰਕੂ ਹਿੰਦੂਆਂ ਦੇ ਬਚਨਾਂ ਤੇ ਭਰੋਸਾ ਕਰ ਕੇ ਆਪਣਾ ਭਵਿਖ ਇਨ੍ਹਾਂ ਨਾਲ ਜੋੜ ਕੇ, ਸਿਖਾਂ ਨੂੰ ਹਮੇਸ਼ਾ ਲਈ ਇਨ੍ਹਾਂ ਦਾ ਮੁਥਾਜ ਕਰ ਦਿਤਾ। ਇਨ੍ਹਾਂ ਦੇ ਮਨਾਂ ਤੇ ਮੁਹੰਮਦ ਅਲੀ ਜਿਨਾਹ ਦੇ ਉਹ ਸ਼ਬਦ ਵੀ ਕੋਈ ਕਾਟ ਨਾ ਕਰ ਸਕੇ, ਜੋ ਉਸ ਨੇ ਨਵੇਂ ਬਣ ਰਹੇ ਭਾਰਤ ਵਿਚ ਸਿਖਾਂ ਦੇ ਹਿੰਦੂ ਹਾਕਮਾਂ ਦੇ ਗ਼ੁਲਾਮ ਬਣ ਜਾਣ ਬਾਰੇ, ਇਕ ਤਰ੍ਹਾਂ ਦੀ ਭਵਿਖ ਬਾਣੀ ਕਰਦੇ ਹੋਏ ਕਹੇ ਸਨ।

[ਛਪੀ ਪੁਸਤਕ 'ਕਿਉਂ ਕੀਤੋ ਵੇਸਾਹੁ' ਵਿਚੋਂ

# ਸੰਗਤਿ ਦੀ ਅਰਦਾਸ ਦਾ ਸਤਿਕਾਰ

ਅਖੰਡ ਕੀਰਤਨੀ ਜਥੇ ਨਾਲ ਸੰਬੰਧ ਰਖਣ ਵਾਲੇ ਟਾਂਵੇਂ ਟਾਂਵੇਂ ਵਿਅਕਤੀ ਅਨੰਦ ਕਾਰਜ ਤੋਂ ਕੁਝ ਸਮਾਂ ਪਿਛੋਂ ਘਰੋਗੀ ਮਸਲਿਆਂ ਨੂੰ ਠੀਕ ਢੰਗ ਨਾਲ ਨਾ ਨਜਿਠਣ ਕਾਰਨ ਆਪਣੇ ਘਰ ਦਾ ਵਾਤਾਵਰਨ ਹੌਲੀ ਹੌਲੀ ਇਤਨਾ ਵਿਗਾੜ ਬੈਠਦੇ ਹਨ ਕਿ ਪਰਵਾਰ ਵਿਚ ਪਾਟੋ-ਧਾੜ ਅਰੰਭ ਹੋ ਜਾਂਦੀ ਹੈ। ਏਥੋਂ ਤੱਕ ਕਿ ਜੀਵਨ-ਸਾਥੀ ਨੂੰ ਆਪਣੇ ਘਰੋਂ ਤਿਲਾਂਜਲੀ ਦੇ ਕੇ ਪੇਕੇ ਘਰ ਪਹੁੰਚਾ ਦਿੱਤਾ ਜਾਂਦਾ ਹੈ। ਬਿਲਾ-ਸ਼ਕ ਅਜਿਹੀ ਬੇ-ਰਸੀ ਲਈ ਪਤੀ ਪਤਨੀ ਦੋਵੇਂ ਹੀ ਜ਼ਿਮੇਵਾਰ ਹੁੰਦੇ ਹਨ, ਪਰ ਜ਼ਿਆਦਾ ਦੋਸ਼ ਪਤੀ ਦਾ ਹੀ ਹੋਇਆ ਕਰਦਾ ਹੈ।

ਜਿਥੇ ਕਿਤੇ ਇਹੋ ਜਿਹਾ ਕੋਈ ਕੇਸ ਹੋ ਜਾਏ ਓਥੋਂ ਦੀ ਸੰਗਤ ਦਾ ਫ਼ਰਜ਼ ਬਣਦਾ ਹੈ ਕਿ ਅਜਿਹਿਆਂ ਸਿੰਘਾਂ ਸਿੰਘਣੀਆਂ ਨੂੰ ਇਕੱਠਾ ਬਿਠਾ ਕੇ, ਇਨ੍ਹਾਂ ਦੇ ਮਸਲੇ ਦਾ ਹੱਲ ਲੱਭਿਆ ਜਾਏ। ਇਨ੍ਹਾਂ ਨੂੰ ਪਿਛਲੀ ਕੁੜਿੱਤਣ ਭੁਲਾ ਦੇਣ ਲਈ ਬੇਨਤੀ ਕੀਤੀ ਜਾਏ। ਇਨ੍ਹਾਂ ਦੇ ਧਿਆਨ ਗੋਚਰੀ ਇਹ ਗੱਲ ਕਰਨੀ ਵੀ ਬਣਦੀ ਹੈ ਕਿ ਇਨ੍ਹਾਂ ਦਾ ਮੇਲ (ਅਨੰਦ ਕਾਰਜ) ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਸੰਗਤਿ ਦੀ ਅਰਦਾਸ ਨਾਲ ਹੋਇਆ ਸੀ। ਸੰਗਤਿ ਦੀ ਅਰਦਾਸ ਦਾ ਸਤਿਕਾਰ ਇਹ ਮੰਗ ਕਰਦਾ ਹੈ ਕਿ ਇਹ ਅਨੰਦ ਕਾਰਜ ਟੁੱਟ ਨਹੀਂ ਸਕਦਾ। ਇਸ ਅਰਦਾਸ ਨੂੰ ਜੋ ਤੋੜਦਾ ਹੈ ਉਹ ਗੁਰੂ ਕਾ ਦੇਣਦਾਰ ਹੈ ਅਤੇ ਤਨਖ਼ਾਹੀਆ ਹੈ। ਇਸ ਲਈ ਅਜਿਹੇ ਜੋੜਿਆਂ ਨੂੰ ਮੁੜ ਰੱਬੀ ਭੈ-ਭਾਵਨੀ ਵਿਚ ਹੋ ਕੇ ਆਪੋ ਆਪਣਾ ਘਰ ਵਸਾਉਣਾ ਚਾਹੀਦਾ ਹੈ।

ਜਿਹੜਾ ਜੋੜਾ ਸੰਗਤਿ ਦੀ ਇਸ ਬੇਨਤੀ ਨੂੰ ਨਹੀਂ ਮੰਨਦਾ ਉਸ ਦਾ ਲੋਕਲ ਸੰਗਤਿ ਵੱਲੋਂ ਪੂਰਾ ਬਾਈਕਾਟ ਕੀਤਾ ਜਾਏ। ਅਜਿਹੇ ਸਿੰਘ ਦਾ ਨਾਮ 'ਸੂਰਾ' ਮੈਨੇਜਰ ਨੂੰ ਭੇਜਿਆ ਜਾਏ ਤਾਂ ਜੁ 'ਸੂਰਾ' ਪੱਤਰ ਵਿਚ ਉਸ ਦਾ ਨਾਮ ਛਾਪ ਕੇ ਸਮੁੱਚੇ ਜਥੇ ਵੱਲੋਂ ਹੀ ਉਸ ਦਾ ਬਾਈਕਾਟ ਕੀਤਾ ਜਾਏ। ਇਨ੍ਹਾਂ ਦੀ ਕਰਤੂਤ ਕੁੜੀ ਮਾਰਾਂ ਨਾਲੋਂ ਘੱਟ ਨਹੀਂ ਹੈ। 'ਸੂਰਾ' ਪੱਤਰ ਵਿਚ ਛਪ ਜਾਣ ਪਿਛੋਂ ਭੀ ਜੇ ਕੋਈ ਵਿਅਕਤੀ ਅਜਿਹੇ ਛੇਕੇ ਹੋਏ ਸਿੰਘ ਨਾਲ ਮਿਲਵਰਤਣ ਰੱਖਦਾ ਹੋਵੇ, ਉਸ ਨੂੰ ਭੀ ਤਨਖਾਹੀਆ ਕਰਾਰ ਦਿੱਤਾ ਜਾਏ।

ਖਾਲਸਾ ਜੀ ਦਾ ਸੇਵਕ–ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਸ੍ਰੀ ਅੰਮ੍ਰਿਤਸਰ



www.AKJ.Org

# ਪੰਥ ਦੇ ਆਗੂਆਂ ਨੂੰ

[ਵਲੋਂ ਗਿ: ਗੋਪਾਲ ਸਿੰਘ ਜੀ 'ਮਿੱਤਰ']

ਕਲਗੀਧਰ ਨੇ ਖ਼ੂਨ ਆਪਣਾ ਪੰਥ ਦੀਆਂ ਨੀਂਹਾਂ ਵਿਚ ਭਰ ਕੇ।
ਪਾਣ ਏਕਤਾ ਦੀ ਲਾਈ ਸੀ, ਸ਼ੁੱਧ ਖਾਲਸਾ ਸਾਜਨਾ ਕਰ ਕੇ।
ਰਿਹਾ ਏਕਤਾ ਵਿਚ ਪਰੋਤਾ, ਕਈ ਮੁਸੀਬਤਾਂ ਸਿਰ ਤੇ ਆਈਆਂ।
ਨਾ ਡਿਗਿਆ, ਡੋਲਣ ਤੋਂ ਬਚਿਆ, ਖ਼ਾਤਰ ਧਰਮ ਸ਼ਹੀਦੀਆਂ ਪਾਈਆਂ।
ਆਨ ਪੰਥ ਦੀ ਰੱਖਣ ਦੇ ਲਈ, ਤਾਜਾਂ ਤਖਤਾਂ ਨੂੰ ਠੁਕਰਾਇਆ।
ਜਥੇਦਾਰੀਆਂ ਤੇ ਪਰਧਾਨਗੀਆਂ ਦਾ ਲੋਭ ਕਦੀ ਨਾ ਆਇਆ।
ਉਹੀ ਸਮਾਂ ਸੀ ਜਦ ਤੁਰਦੇ ਸਨ, ਵੀਰ ਬਣੇ ਗਲਵਕੜੀ ਪਾ ਕੇ।
ਦੂਰ ਦੀ ਗੱਲ ਤੇ ਨਹੀਂ ਹੈ ਕੋਈ, ਬੀਤੇ ਹਨ ਥੋੜੇ ਜਿਹੇ ਦਹਾਕੇ।
ਜਫ਼ਰ ਜਾਲ ਜਾਲ ਇਸ ਬੂਟੇ ਨੂੰ ਪਿਆਰ ਦੀ ਗੁੜ੍ਹਤੀ ਪਾਈ।
ਫਲਦਾ ਫੁਲਦਾ ਰਖਣੇ ਦੇ ਲਈ, ਲਖਾਂ ਸਿਰਾਂ ਦੀ ਬਾਜ਼ੀ ਲਾਈ।
ਕੀਤੀ ਕਰਤੀ ਤੁਸੀਂ ਉਨ੍ਹਾਂ ਦੀ ਅਜ ਸਾਰੀ ਖੂਹ-ਖਾਤੇ ਪਾਈ।
ਤੜਪ ਰਿਹਾ ਏ ਹਰ ਇਕ ਹਿਰਦਾ, ਸੁਣ ਲੋ ਦੇਂਦਾ ਪਿਆ ਦੁਹਾਈ।
ਉਸ ਬੂਟੇ ਨੂੰ ਆਪਣੀ ਹਥੀਂ, ਤੁਸੀਂ ਆਪ ਹੋ ਵੱਢਣ ਲਗੇ।
ਕੌਮੀ ਏਕਤਾ ਨੂੰ ਹੀ ਯਾਰੋ ! ਮੁਢੋਂ ਹੀ ਹੋ ਕੱਢਣ ਲਗੇ।
ਚੌਧਰ ਕਾਇਮ ਰਖਣ ਦੇ ਲਈ ਨਾਲ ਭਰਾਵਾਂ ਲੜ ਰਹੇ ਹੋ।
"ਏਕੁ ਪਿਤਾ ਏਕਸ ਕੇ ਹਮ ਬਾਰਿਕ" ਗੁਰਬਾਣੀ ਸੁਣ ਪੜ੍ਹ ਰਹੇ ਹੋ।
ਵਾਹਿਗੁਰੂ ਵਾਹਿਗੁਰੂ ਜਪਦੇ ਹੋਏ ਗੁਰ ਅਸਥਾਨਾਂ ਅੰਦਰ ਵੜਦੇ।
ਕੁਰਸੀ ਦੇ ਲਾਲਚ ਲਈ 'ਮਿੱਤਰ' ਵੈਰ-ਭਾਵਨਾ ਦਾ ਲੜ ਫੜਦੇ।
ਵੱਖੋ ਵੱਖਰੇ ਦਲ ਬਣਾ ਕੇ ਕਿਹੋ ਜਹੇ ਚੰਨ ਚਾੜ੍ਹ ਰਹੇ ਹੋ?
ਆਪਣੇ ਹੀ ਝੁੱਗੇ ਵਿਚ ਸਿੰਘੋ ! ਫੁਟ ਚੰਦਰੀ ਨੂੰ ਵਾੜ ਰਹੇ ਹੋ।
ਇਨ੍ਹਾਂ ਤੁਹਾਡੀਆਂ ਕਾਰਸਤਾਨੀਆਂ ਨੂੰ ਭੰਡ ਰਹੀਆਂ ਅਖ਼ਬਾਰਾਂ।
ਵੈਰੀ ਹੱਸ ਹੱਸ ਦੂਹਰੇ ਹੁੰਦੇ, ਗੱਲਾਂ ਕਰਦੇ ਨੇ ਨਰ ਨਾਰਾਂ।
ਕੌਣ ਤੁਹਾਨੂੰ ਅਕਲਾਂ ਦੇਵੇ ਅਤੇ ਖੋਲ੍ਹੇ ਉਨ੍ਹਾਂ ਦੇ ਤਾਲੇ?
ਨੀਤੀਵਾਨ ਸਿਆਣੇ ਲੀਡਰ ਬਾਝ ਸਮੇਂ ਨੂੰ ਕੌਣ ਸੰਭਾਲੇ?
ਕਿੱਥੋਂ ਆਵੇ ਮੁੜ ਕਪੂਰ ਸਿੰਘ, ਬਾਬਾ ਫੂਲਾ ਸਿੰਘ ਅਕਾਲੀ।
ਜੱਸਾ ਸਿੰਘ, ਬਘੇਲ ਸਿੰਘ ਜਿਹੇ, ਸ਼ੋਕ ! ਅੱਜ ਨਾ ਦੇਣ ਦਿਖਾਈ।
ਕੀ ਹੋਇਆ ਏ ਹਾਲ ਕੌਮ ਦਾ, ਹੁਣ ਵੀ ਕਿਉਂ ਨਾ ਸੋਚੋ ਯਾਰੋ?
ਝੁੱਗਾ ਚੌੜ ਫੁੱਟ ਨੇ ਕੀਤਾ, ਕਿਉਂ ਨਾ 'ਕੱਠੇ ਬੈਠ ਵਿਚਾਰੋ।
ਡੁਲ੍ਹਿਆਂ ਬੇਰਾਂ ਦਾ ਕੁਝ ਨਹੀਂ ਵਿਗੜਿਆ ਹੁਣ ਵੀ ਕੱਠੇ ਹੋ ਕੇ,
ਚੁਣ ਲੌ ਮੇਰੇ ਵੀਰੋ ! ਰਖੋ ਏਕਤਾ ਧਾਗੇ ਵਿਚ ਪਰੋ ਕੇ।
ਇਕ ਦੂਜੇ ਨੂੰ ਗ਼ਦਾਰ ਆਖ ਕੇ ਕਿਉਂ ਮੱਥੇ ਤੇ ਧੱਬੇ ਲਾਉ।
ਵਿੱਥਾਂ ਵੰਡੀਆਂ ਦੇ ਪਾੜੇ ਮੇਟੋ ਤੇ ਇਕ ਦੂਜੇ ਨੂੰ ਜਫੀਆਂ ਪਾਉ।
'ਕੱਠੇ ਬੈਠੋ, 'ਕੱਠੇ ਟੁਰੋ, ਸੋਚੋ 'ਕੱਠੇ, ਇਉਂ ਮਾਣ ਵਧਾਉ।
ਚਮਕੇ 'ਮਿੱਤਰ' ਸ਼ਾਨ ਕੌਮ ਦੀ, ਰਾਹ ਏਕਤਾ ਦਾ ਅਪਣਾਉ।



www.AKJ.Org

# ਦਸਮੇਸ਼ ਰੈਜਮੈਂਟ ਦੇ ਨਾਂਅ ਤੇ ਚਿਠੀਆਂ

## ਲਿਖਣ ਵਾਲੇ ਚਾਰ ਬੰਦੇ ਕਾਬੂ–

ਬਠਿੰਡਾ, ੭ ਅਗਸਤ–(ਹੁਕਮ ਚੰਦ ਸ਼ਰਮਾ) ਪੁਲਸ ਨੇ ਤਿੰਨ ਹਿੰਦੂ ਦਹਿਸ਼ਤਪਸੰਦਾਂ ਨੂੰ ਬੀਤੀ ਰਾਤ ਉਦੋਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਜਦੋਂ ਉਹ ਇਕ ਸਥਾਨਕ ਹਲਵਾਈ ਵਲੋਂ ਇਕ ਥਾਂ ਰਖੇ ਗਏ ੧੦੦੦੦ ਰੁਪਏ ਉਠਾ ਰਹੇ ਸਨ। ਹਲਵਾਈ ਪੰਡਿਤ ਰੁਲਦੂ ਨੂੰ ਦਸਮੇਸ਼ ਰੈਜਮੈਂਟ ਦੇ ਨਾਂਅ ਤੇ ਧਮਕੀ ਭਰਿਆ ਪੱਤਰ ਮਿਲਿਆ ਸੀ, ਜਿਸ ਵਿਚ ਹਲਵਾਈ ਨੂੰ ਕਿਹਾ ਗਿਆ ਸੀ ਕਿ ਉਹ ੨੦੦੦੦ ਰੁਪਏ ਰਾਮਾ ਮੰਡੀ ਦੀ ਰੇਲਵੇ ਪਟੜੀ ਕੋਲ ਲੈ ਕੇ ਆਵੇ, ਨਹੀਂ ਤਾਂ ਸਰਸਾ ਵਿਚ ਰਹਿੰਦੇ ਉਸ ਦੇ ਪੁਤਰ ਨੂੰ ਖ਼ਤਮ ਕਰ ਦਿਤਾ ਜਾਵੇਗਾ।

ਪਕੜੇ ਗਏ ਹਿੰਦੂ ਦਹਿਸ਼ਤਪਸੰਦਾਂ ਵਿਚ ਰਾਮਾ ਮੰਡੀ ਦੇ ਬਿਹਾਰੀ ਲਾਲ, ਜੋ ਕਿ ਬਲਾਕ ਸੰਮਤੀ ਸੰਗਤ ਦਾ ਸਾਬਕ ਚੇਅਰਮੈਨ ਅਤੇ ਜ਼ਿਲਾ ਪ੍ਰਿਸ਼ਦ ਦਾ ਮੈਂਬਰ ਹੈ, ਦੇ ਦੋ ਪੁਤਰ ਕੇਵਲ ਕੁਮਾਰ ਅਤੇ ਰਾਜ ਕੁਮਾਰ ਸ਼ਾਮਲ ਹਨ। ਐਸ ਐਸ ਪੀ ਬਠਿੰਡਾ ਸ੍ਰੀ ਐਸ ਪੀ ਐਸ ਔਲਖ ਨੇ ਇਹ ਇੰਕਸ਼ਾਫ਼ ਕਰਦਿਆਂ ਅੱਜ ਸਵੇਰੇ ਦਸਿਆ ਕਿ ਇਹ ਦਹਿਸ਼ਤਪਸੰਦ ਇਸੇ ਹੀ ਢੰਗ ਨਾਲ ਪਹਿਲਾਂ ਵੀ ਇਸ ਹਲਵਾਈ ਕੋਲੋਂ ੩੦੦੦੦ ਰੁਪਏ ਲੈ ਚੁਕੇ ਹਨ। ਇਸ ਤੋਂ ਇਲਾਵਾ ਇਨ੍ਹਾਂ ਹਿੰਦੂ ਦਹਿਸ਼ਤਪਸੰਦਾਂ ਨੇ ਦਸਮੇਸ਼ ਰੈਜਮੈਂਟ ਦੇ ਨਾਂਅ ਤੇ ਕੁਝ ਹੋਰ ਬਿਜ਼ਨਸਮੈਨਾਂ ਨੂੰ ਵੀ ਧਮਕੀਆਂ ਭਰੀਆਂ ਚਿਠੀਆਂ ਲਿਖੀਆਂ। ਇਨ੍ਹਾਂ ਬਿਜ਼ਨਸਮੈਨਾਂ ਵਿਚ ਕਪੜੇ ਦੇ ਵਪਾਰੀ ਸਾਧੂ ਰਾਮ ਹੰਸ ਰਾਜ, ਡਾਕਟਰ ਰਾਕੇਸ਼ ਜੈਨ, ਤਾਰਾ ਮਲ, ਜੀਤਾ ਰਾਮ ਆਦਿ ਸ਼ਾਮਲ ਹਨ। ਉਨ੍ਹਾਂ ਦਸਿਆ ਕਿ ਇਹ ਧਮਕੀ ਪੱਤਰ ਰਾਮਾ ਮੰਡੀ ਦੇ ਹਿੰਦੂ ਭਾਈਚਾਰੇ ਵਿਚ ਦਹਿਸ਼ਤ ਫੈਲਾਉਣ ਲਈ ਲਿਖੇ ਗਏ ਅਤੇ ਇਸ ਦੇ ਨਤੀਜੇ ਵਜੋਂ ਇਕ ਹਿੰਦੂ ਪਰਿਵਾਰ ਆਰਜ਼ੀ ਤੌਰ ਤੇ ਰਾਮਾ ਮੰਡੀ ਚੋਂ ਉਠ ਕੇ ਸਰਸਾ (ਹਰਿਆਣਾ) ਵਿਚ ਚਲਾ ਗਿਆ। ਤਿੰਨਾਂ ਦਹਿਸ਼ਤਪਸੰਦਾਂ ਦੇ ਖ਼ਿਲਾਫ ਦਫਾ ੩੮੪, ੫੦੬ ਅਤੇ ੩੪ ਆਈ ਪੀ ਐਸ ਅਤੇ ਦਹਿਸ਼ਤਪਸੰਦਾਨਾ ਕਾਰਵਾਈਆਂ ਵਿਰੋਧੀ ਐਕਟ ਅਧੀਨ ਕੇਸ ਦਰਜ ਕਰ ਲਏ ਗਏ ਹਨ ਅਤੇ ਉਨ੍ਹਾਂ ਦਾ ੯ ਅਗਸਤ ਤਕ ਅਦਾਲਤੀ ਰਿਮਾਂਡ ਹਾਸਲ ਕਰ ਲਿਆ ਗਿਆ ਹੈ।

ਐਸ ਐਸ ਪੀ ਸ੍ਰੀ ਔਲਖ ਨੇ ਦਸਿਆ ਕਿ ਬੁਢਲਾਡਾ ਵਿਖੇ ਹਿੰਦੂ ਸੁਰੱਖਿਆ ਸੰਮਤੀ ਵਲੋਂ ਫ਼ਿਰਕੂ ਗੜਬੜ ਕਰਨ ਅਤੇ ਹਿੰਦੂ ਭਾਈਚਾਰੇ ਵਿਚ ਦਹਿਸ਼ਤ ਫੈਲਾਉਣ ਦੀ ਇਕ ਸਾਜ਼ਿਸ਼ ਵੀ ਸਾਹਮਣੇ ਆਈ ਹੈ। ਇਸ ਸਾਜ਼ਿਸ਼ ਦਾ ਪਤਾ ਸੁਰੱਖਿਆ ਸੰਮਤੀ ਦੇ ਇਕ ਉਘੇ ਵਰਕਰ ਪ੍ਰਸ਼ੋਤਮ ਦਾਸ ਵਲੋਂ ਦਰਜ ਕਰਾਏ ਗਏ ਇਕ ਲੁਟ ਖੋਹ ਦੇ ਕੇਸ ਦੀ ਜਾਂਚ-ਪੜਤਾਲ ਦੌਰਾਨ ਸਾਹਮਣੇ ਆਈ। ਪ੍ਰਸ਼ੋਤਮ ਦਾਸ ਨੇ ਪੁਲਸ ਕੋਲ ਰਿਪੋਰਟ ਦਰਜ ਕਰਾਈ ਸੀ ਕਿ ਚਾਰ ਹਥਿਆਰਬੰਦ ਕਥਿਤ ਅੱਤਵਾਦੀਆਂ ਨੇ ਉਸ ਨੂੰ ਰੋਕ ਕੇ ਉਸ ਕੋਲੋਂ ੨੫੦੦੦ ਰੁਪਏ ਲੁਟ ਲਏ। ਇਸ ਕਥਿਤ ਘਟਨਾ ਦੀ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਪ੍ਰਸ਼ੋਤਮ ਦਾਸ ਨੇ ਹਿੰਦੂ ਸੁਰੱਖਿਆ ਸੰਮਤੀ ਬੁਢਲਾਡਾ ਦੇ ਪ੍ਰਧਾਨ ਰਾਮ ਨਿਵਾਸ ਅਤੇ ਸਕੱਤਰ ਰਮੇਸ਼ ਸਿੰਗਲਾ ਨਾਲ ਮਿਲ ਕੇ ਅੱਤਵਾਦੀਆਂ ਦੇ ਨਾਂਅ ਹੇਠ ਕੁਝ ਖ਼ਾਸ ਹਿੰਦੂਆਂ ਨੂੰ ਆਪਣੇ ਜ਼ਾਤੀ ਹਿਤਾਂ ਲਈ ਹਥਿਆਰਾਂ ਦੇ ਲਾਇਸੰਸ ਹਾਸਲ ਕਰਨ ਲਈ, ਫ਼ਿਰਕੂ ਖਿਚਾਅ ਪੈਦਾ ਕਰਨ ਲਈ ਅਤੇ ਹਿੰਦੂ ਫ਼ਿਰਕੇ ਦੇ ਮਨਾਂ ਵਿਚ ਦਹਿਸ਼ਤ ਪੈਦਾ ਕਰਨ ਲਈ ਧਮਕੀ ਭਰੇ ਪੱਤਰ ਲਿਖਣ ਦੀ ਸਾਜ਼ਿਸ਼ ਰਚੀ ਸੀ। ਉਕਤ ਪ੍ਰਸ਼ੋਤਮ ਦਾਸ ਨੇ ਆਪਣੇ ਸਰੀਰ ਤੇ ਆਪੇ ਹੀ ੧੯ ਨਕਲੀ ਸੱਟਾਂ ਲਾਈਆਂ ਸਨ।

ਜਾਂਚ ਪੜਤਾਲ ਤੋਂ ਪਤਾ ਲਗਾ ਹੈ ਕਿ ਸਾਜ਼ਿਸ਼ ਦੇ ਮੁਖ ਦੋਸ਼ੀਆਂ ਰਾਮ ਨਿਵਾਸ ਅਤੇ ਰਮੇਸ਼ ਸਿੰਗਲਾ ਨੇ ਫ਼ਿਰਕੂ ਖਿਚਾਅ ਵਧਾਉਣ ਲਈ ਇਕ ਹਿੰਦੂ ਨੂੰ ਕਤਲ ਕਰਨ ਦੀ ਵੀ ਯੋਜਨਾ ਬਣਾਈ ਸੀ। ਉਕਤ ਅਖੌਤੀ ਲੁਟ-ਖੋਹ ਦੀ ਘਟਨਾ ਪਿਛੋਂ ਸੁਰੱਖਿਆ ਸੰਮਤੀ ਦੇ ਇਨ੍ਹਾਂ ਆਗੂਆਂ ਨੇ ਬੁਡਲਾਢਾ ਵਿਚ ਹੜਤਾਲ ਦਾ ਵੀ ਸੱਦਾ ਦਿਤਾ ਸੀ, ਪਰ ਪੁਲਸ ਵਲੋਂ ਸਮੇਂ ਸਿਰ ਦਖ਼ਲ ਦਿਤੇ ਜਾਣ ਸਦਕਾ ਸਥਿਤੀ ਬਹੁਤੀ ਨਾ ਵਿਗੜੀ ਤੇ ਗੜਬੜ ਨੂੰ ਸ਼ੁਰੂ ਹੁੰਦਿਆਂ ਹੀ ਦਬਾ ਦਿਤਾ ਗਿਆ। ਐਸ ਐਸ ਪੀ ਸ੍ਰੀ ਔਲਖ ਨੇ ਦਸਿਆ ਕਿ ਪ੍ਰਸ਼ੋਤਮ ਦਾਸ, ਰਾਮ ਨਿਵਾਸ ਤੇ ਰਮੇਸ਼ ਸਿੰਗਲਾ ਵਿਰੁਧ ਵਖ ਵਖ ਧਰਾਵਾਂ ਅਧੀਨ ਅਤੇ ਦਹਿਸ਼ਤਪਸੰਦਾਨਾ ਕਾਰਵਾਈਆਂ ਵਿਰੋਧੀ ਐਕਟ ਅਧੀਨ ਕੇਸ ਦਰਜ ਕਰ ਲਏ ਗਏ ਅਤੇ ਪ੍ਰਸ਼ੋਤਮ ਦਾਸ ਨੂੰ ਗ੍ਰਿਫ਼ਤਾਰ ਵੀ ਕੀਤਾ ਜਾ ਚੁਕਾ ਹੈ।

–ਅਜੀਤ; ੮-੮-੮੬



www.AKJ.Org

# ਸੱਚੀ ਕੁਰਬਾਨੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅੱਖਰ ਅੱਖਰ ਸਾਨੂੰ ਸੱਚੀ ਕੁਰਬਾਨੀ ਦਾ ਸਬਕ ਸਿਖਾਉਂਦਾ ਹੈ। ਸਚ ਪੁਛੋ ਤਾਂ ਗੁਰਬਾਣੀ, ਗੁਰ-ਸ਼ਬਦ ਕਮਾਇਆਂ ਹੀ ਸੱਚੀ ਕੁਰਬਾਨੀ ਦੀ ਆਤਮ-ਜਾਗ ਲਗਦੀ ਹੈ। ਕੁਰਬਾਨੀ ਦੀ ਸੱਚੀ ਸਪਿਰਟ (Spirit) ਹੀ ਗੁਰਸਿਖੀ ਦੀ ਕਮਾਈ ਵਿਚ ਹੈ। ਇਹ ਗੁਰਬਾਣੀ ਗੁਰ-ਸ਼ਬਦ ਦੀ ਕਮਾਈ ਹੀ ਹੈ ਜੋ ਜਗਿਆਸੂ ਦੇ ਆਤਮਾ ਨੂੰ ਜ਼ੀਵਨ-ਜਾਗ ਲਾਉਂਦੀ ਹੈ। ਇਹ ਗੁਰ-ਸ਼ਬਦ, ਗੁਰਮਤਿ ਨਾਮ ਦੀ ਅਭਿਆਸ ਕਮਾਈ ਹੀ ਹੈ ਜੋ ਆਤਮਾ ਨੂੰ ਜੋਤਿ-ਜਗੰਨੇ ਰੰਗ ਲਾਉਂਦੀ ਹੈ ਅਤੇ ਲਾਈ ਰਖਦੀ ਹੈ ਅਤੇ ਲਾ ਕੇ ਖਿੜਾਈ ਰਖਦੀ ਹੈ। ਆਤਮ-ਰੰਗਾਂ ਦੇ ਖੇੜੇ ਵਿਚ ਹੀ ਸੱਚੀ ਕੁਰਬਾਨੀ ਦੇ ਸੱਚੇ ਪੂਰਨੇ ਪੈ ਸਕਦੇ ਹਨ। ਆਤਮ-ਰੰਗਾਂ ਦੇ ਖਿੜਾਉ ਵਿਚ ਸੱਚੀ ਸੂਰਮਤਾਈ ਦੀ ਸਪਿਰਿਟ ਪਰਜੁਲਤ ਹੁੰਦੀ ਹੈ। ਆਤਮ-ਰੰਗ ਲਗੇ ਬਾਝੋਂ ਕੋਈ ਪ੍ਰਾਣੀ ਸੂਰਾ (ਸੂਰਮਾ) ਨਹੀਂ ਬਣ ਸਕਦਾ। ਆਹਾ! ਕੈਸਾ ਸੋਹਣਾ ਗੁਰਵਾਕ ਸੂਰਮੇ ਬਨਾਉਣ ਵਾਲਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਉਚਾਰਨ ਕੀਤਾ ਹੈ, ਯਥਾ ਗੁਰਵਾਕ :–

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥ (੪॥੩੫) (੬੮੫)

ਇਸ ਗੁਰਵਾਕ ਦਾ ਸਪੱਸ਼ਟ ਭਾਵ ਹੈ ਕਿ ਸੱਚਾ ਸੂਰਮਾ ਸੋਈ ਹੈ ਜਿਸ ਨੂੰ ਇਸ ਜੁਗ ਵਿਖੇ, ਅਰਥਾਤ ਇਸ ਜ਼ਮਾਨੇ ਅੰਦਰਿ ਹਰਿ-ਰੰਗ, ਸੱਚੇ ਨਾਮ ਦਾ ਰੰਗ ਲਗਿਆ ਹੈ। ਸੱਚੇ ਪਰਮਾਤਮੀ ਰੰਗ ਆਤਮ ਕਮਾਈਆਂ ਕਰਿ ਹੀ ਲਗਦੇ, ਲਗ ਸਕਦੇ ਹਨ। ਨਾਮ ਅਭਿਆਸ ਦੀ ਕਮਾਈ ਹੀ ਸੱਚੀ ਆਤਮ-ਕਮਾਈ ਹੈ। ਕੂੜਾਵੇ ਵੇਦਾਂਤੀਆਂ ਵਾਲੀ ਗਲੀਂ ਬਾਤੀਂ ਇਹ ਡੀਂਗ ਮਾਰਨਾ ਕਿ 'ਸਰਬ ਜੀਵੋਂ ਮੇਂ ਅਪਨੀ ਆਤਮਾ ਕਾ ਭਾਸ਼ ਅਨਮਾਨ ਕਰੋ' ਇਹ ਫੋਕਟ ਆਤਮ-ਗਿਆਨ ਦੀ ਚੁੰਚ-ਚਰਚਾ ਹੈ। ਨਾਮ ਦੀ ਅਭਿਆਸ ਕਮਾਈ ਦੁਆਰਾ ਆਤਮ ਜੋਤਿ ਨੂੰ ਪਰਤੱਖ ਸਾਂਗੋ-ਪਾਂਗ ਲਖਣਾ ਅਤੇ ਇਸ ਬਿਧਿ ਰਸ-ਜੋਤਿ-ਰੰਗਾਂ ਵਿਚ ਲੀਨ ਹੋ ਕੇ ਦੇਹੋਂ ਬਦੇਹ ਹੋ ਜਾਣਾ ਇਹ ਸੱਚੀ ਆਤਮ ਕਮਾਈ ਵਾਲੀ ਬਿਵਸਥਾ ਹੈ। ਆਤਮ ਰੰਗਾਂ ਵਿਚ ਰੱਤ ਕੇ ਹੀ ਸੱਚੀ ਕੁਰਬਾਨੀ ਹੋ ਸਕਦੀ ਹੈ ਅਤੇ ਸੱਚੀ ਸੂਰਮਤਾਈ ਵਾਲੀ ਗਤ ਬਿਵਸਥਾ ਪ੍ਰਾਪਤ ਹੋ ਸਕਦੀ ਹੈ। ਐਵੇਂ ਨਹੀਂ। ਆਤਮ ਰੰਗਾਂ ਵਿਚ ਰੰਗੀਜ ਕੇ ਹੀ ਸਰੀਰ ਉਤੇ ਬਿਕਰਾਲ ਕਸ਼ਟਾਂ ਦੇ ਸਹਾਰਨ ਵਾਲੀ ਸਹਿਨ ਸ਼ੀਲਤਾ ਸੰਪੰਨ ਸੱਚੀ ਰੂਹ ਆਤਮਾ ਅੰਦਰ ਪ੍ਰਵੇਸ਼ ਹੁੰਦੀ ਹੈ। ਆਤਮ-ਰੰਗਾਂ ਵਾਲੇ ਨਾਮ ਤ੍ਰੰਗੀ ਅਭਿਆਸੀ ਜਨ ਨੂੰ ਦੇਹ ਅਧਿਆਸ ਹੀ ਨਹੀਂ ਰਹਿੰਦਾ। ਸਰੀਰ ਦੇ ਕਸ਼ਟ ਤਸੀਹੇ ਪੋਂਹਦੇ ਨਹੀਂ, ਮਹਿਸੂਸ ਹੀ ਨਹੀਂ ਹੁੰਦੇ, ਕਿਉਂਕਿ ਬਿਰਤੀ ਤਾਂ ਆਤਮ-ਰੰਗਾਂ ਵਿਚ ਅਰੂੜ ਹੋਈ ਹੁੰਦੀ ਹੈ। ਸਰੀਰ ਦੇ ਦੁਖ-ਕਲੇਸ਼ਾਂ ਦੇ ਅਹਿਸਾਸ ਦੀ ਓਥੇ ਗੰਮਤਾ ਹੀ ਨਹੀਂ। ਮਰਨ ਜੀਵਣ ਦਾ ਓਥੇ ਸੰਸਾ ਹੀ ਨਹੀਂ। ਜੀਵਣ-ਮੁਕਤਿ ਬਿਵਸਥਾ ਦੀ ਅਉਜ (ਸਿਖਰਲੇ ਡੰਡੇ) ਦੀ ਮੌਜ-ਰੰਗ-ਰਲੀਆਂ ਮਾਨਣਹਾਰੇ ਸਤਿਗੁਰੂ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੂੰ ਬੜੇ ਬੜੇ ਬਿਕਰਾਲ ਕਸ਼ਟ ਤਸੀਹੇ ਦਿਤੇ ਗਏ, ਪਰ ਗੁਰੂ ਸਾਹਿਬ ਆਤਮ-ਰੰਗਾਂ ਵਿਚਿ ਅਡੋਲ, ਕੇਵਲ ਆਤਮ-ਬਲ ਕਰਕੇ ਇਨ੍ਹਾਂ ਕਸ਼ਟਾਂ ਤੋਂ ਅਲੇਪ ਰਹੇ। ਸੱਚੀ ਸ਼ਾਂਤਮਈ ਅਤੇ ਸਹਿਨ-ਸ਼ੀਲਤਾ ਦੀ ਅਤਿ ਉਚ ਅਵਸਥਾ ਹੈ, ਜਿਸ ਨੂੰ ਨਾਮ-ਰੰਗੋਂ ਘੁਥੇ ਅਲਪੱਗ ਇਨਸਾਨ ਆਤਮ ਮੌਜ-ਅਵਸਥਾ ਤੋਂ ਊਰੇ ਜੰਤ ਕਦੇ ਨਹੀਂ ਪਹੁੰਚ ਸਕਦੇ। ਗੁਰੂ ਅਰਜਨ ਸਾਹਿਬ ਜੀ ਨੇ ਸੱਚੀ ਸ਼ਾਂਤ-ਮਈ, ਸੱਚੀ ਸਹਿਨ-ਸ਼ੀਲਤਾ ਅਤੇ ਸੱਚੀ ਸੂਰਮਤਾਈ ਦਾ ਸੱਚਾ ਪੂਰਨਾ ਪਾ ਕੇ ਪਰਤੱਖ ਦਿਖਾਇਆ, ਜਿਸ ਨੂੰ ਕੋਈ ਫੋਕਟ ਹੱਠ-ਕਰਮੀ ਸ਼ਾਂਤਮਈ ਦਾ ਚੁੰਚ-ਕਥਨੀਆ ਰੀਫਾਰਮਰ 'ਨਹੀਂ' ਪਹੁੰਚ ਸਕਦਾ।

ਸੋ ਆਤਮ ਬਿਵਸਥਾ ਦੇ ਰੰਗਾਂ ਵਾਲੀ ਸਿਰ ਧੜਾਂ ਦੀ ਬਾਜ਼ੀ ਜਿੱਤਣ ਵਾਲੇ ਦੇ ਵਸਿਗਤ ਸਭ ਤਾਕਤਾਂ ਹੋ ਜਾਂਦੀਆਂ ਹਨ। ਪਰ ਇਹ ਉਸ ਵਡਭਾਗੇ ਜੰਤ ਨੂੰ ਖੇਡ ਬਣਿ ਆਂਵਦੀ ਹੈ ਜਿਸ ਨੇ ਪੂਰਾ ਸਤਿਗੁਰੂ ਧਾਰਨ ਕੀਤਾ ਹੋਇਆ ਹੁੰਦਾ ਹੈ। ਅਰਥਾਤ ਜੋ ਨਿਗੁਰਾ ਨਹੀਂ ਹੁੰਦਾ। "ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ" ਅਰਥਾਤ ਸਤਿਗੁਰੂ ਦੇ ਸਿਖਾਂ ਨੂੰ ਹੀ ਆਤਮ ਬਿਵਸਥਾ ਪ੍ਰਾਪਤ ਹੋ ਸਕਦੀ ਹੈ। ਨਾਮੋਂ ਘੁਥੇ ਨਿਗੁਰਿਆਂ ਨੂੰ ਇਹ ਰੰਗ ਕਿਥੋਂ ?

[ਭਾ: ਸਾ: ਰਣਧੀਰ ਸਿੰਘ ਜੀ ਲਿਖਤ ਪੁਸਤਕ 'ਗੁਰਮਤਿ ਪ੍ਰਕਾਸ਼' ਵਿਚੋਂ



www.AKJ.Org

# ਧਰਮ ਦੇ ਵਾਰਸੋ ! ਬੋਲੋ !!

**ਸਿਖ ਧਰਮ** ਸੰਸਾਰ ਉਤੇ ਇਕ ਵਿਲੱਖਣ ਧਰਮ ਹੈ। ਸਿਖ ਧਰਮ ਦੀ ਫ਼ਿਲਾਸਫ਼ੀ ਨੂੰ ਜੇ ਸੰਖੇਪ ਤੋਂ ਸੰਖੇਪ ਸ਼ਬਦਾਂ ਵਿਚ ਬਿਆਨ ਕਰਨਾ ਹੋਵੇ ਤਾਂ ਉਹ ਹੈ–

(i) ਨਾਮ ਜਪਣਾ।
(ii) ਕਿਰਤ ਕਰਨੀ।
(iii) ਵੰਡ ਛਕਣਾ।

ਸਿਖ ਧਰਮ ਦੀ ਅਧਾਰ-ਸ਼ਿਲਾ ਦੇ ਇਹ ਤ੍ਰੈ ਥੰਮ੍ਹ ਹਨ। ਨਾਮ ਜਪਣ ਨਾਲ ਸਿਖ ਨੇ ਆਪਣੇ ਅੰਦਰਲੇ ਨੂੰ ਵਿਕਸਤ ਕਰ ਕੇ, ਆਪਣੇ ਮੂਲ ਕਰਤਾ ਪੁਰਖ ਨਾਲ ਅੰਤਰ ਆਤਮੇ ਅਭੇਦ ਰਹਿਣਾ ਹੈ। ਆਪਣੇ ਨਿਜੀ ਅਤੇ ਪ੍ਰਵਾਰਕ ਵਿਕਾਸ ਲਈ, ਸਿਖ ਨੇ ਧਰਮ ਦੀ ਕਿਰਤ ਕਰਨੀ ਹੈ ਅਤੇ ਸਮਾਜਕ ਵਿਕਾਸ ਲਈ ਆਪਣੀ ਧਰਮ ਦੀ ਕਿਰਤ ਵਿਚੋਂ ਲੋੜਵੰਦਾਂ ਨੂੰ ਭਾਈਵਾਲ ਬਨਾਉਣਾ ਹੈ।

ਇਤਿਹਾਸ ਗਵਾਹ ਹੈ ਕਿ ਇਸ ਧਰਮੀ ਬੰਦੇ (ਸਿਖ) ਨੇ ਸੰਸਾਰ ਉਤੇ ਮਨ ਬਚ ਕਰਮ ਕਰਕੇ ਧਰਮ ਕਮਾਇਆ ਅਤੇ ਧਰਮੀ ਮਨੁਖ ਦਾ ਮਾਡਲ ਸੰਸਾਰ ਤੇ ਪੇਸ਼ ਕੀਤਾ। ਸਰਬੱਤ ਦਾ ਭਲਾ ਇਸ ਦਾ ਮੁਖ ਨਿਸ਼ਾਨਾ ਰਿਹਾ ਅਤੇ ਮੈਦਾਨਿ ਜੰਗ ਵਿਚ ਵੀ ਇਹ ਕਦੀ ਇਸ ਨਿਸ਼ਾਨੇ ਤੋਂ ਨਹੀਂ ਥਿੜਕਿਆ। ਇਸਦਾ ਜੰਗ ਵੀ ਧਰਮ ਪਾਲਨਾ ਦੀ ਪ੍ਰਤੱਗਿਆ ਦਾ ਹਿਸਾ ਹੈ, ਨਾ ਕਿ ਹਵਸ-ਪੂਰਤੀ ਦਾ।

"ਧਰਮ" ਮਨੁਖੀ ਵਿਕਾਸ ਦਾ ਧੁਰਾ ਹੈ। ਧਰਮ ਦਾ ਕਰਤੱਵ ਦੁਵੱਲੀ ਹੈ, ਇਕ ਪਾਸੇ ਸਰਬੱਤ ਦਾ ਭਲਾ ਕਰਨਾ ਤੇ ਦੂਜੇ ਪਾਸੇ ਬੁਰਿਆਈ ਦਾ ਟਾਕਰਾ ਕਰਨਾ। ਸਿਖ ਨੇ ਇਕ ਪਾਸੇ ਆਪਣੇ ਅੰਦਰ ਖਰੂਦ ਮਚਾਉਣ ਵਾਲੇ ਵਿਕਾਰਾਂ ਨਾਲ ਨਿਰੰਤਰ ਜੰਗ ਜਾਰੀ ਰੱਖਣੀ ਹੈ ਅਤੇ ਦੂਜੇ ਪਾਸੇ ਸਮਾਜ ਵਿਚ ਵਿਖਾਂਧ ਪੈਦਾ ਕਰਨ ਵਾਲੇ ਜ਼ਾਲਮਾਂ ਜਾਬਰਾਂ ਨਾਲ ਲੋਹਾ ਲੈਣਾ ਅਤੇ ਧਰਮ ਦਾ ਬੋਲ-ਬਾਲਾ ਕਰਨਾ ਹੈ। ਹੇਠਲੇ ਗੁਰਵਾਕ ਸਿਖ ਲਈ ਪ੍ਰੇਰਨਾ-ਸਰੋਤ ਹਨ :–

੧) ਸੰਤਾ ਮਾਨਉ ਦੂਤਾ ਡਾਨਉ
ਇਹ ਕੁਟਵਾਰੀ ਮੇਰੀ॥ (੯੬੯)
੨) ਵਾਤ ਵਜਨਿ ਟੰਮਕ ਭੇਰੀਆ॥
ਮਲ ਲਥੇ ਲੈਦੇ ਫੇਰੀਆਂ॥
ਨਿਹਤੇ ਪੰਜਿ ਜੁਆਨ ਮੈ,
ਗੁਰਿ ਥਾਪੀ ਦਿਤੀ ਕੰਡਿ ਜੀਉ॥੧੮॥(੭੪)

ਧਰਮੀ ਸਿਖ-ਸੂਰਮੇ ਲਈ ਇਹ ਆਦਰਸ਼ ਮਿਥਿਆ ਗਿਆ ਕਿ ਉਸ ਨੇ ਦੀਨ-ਦੁਖੀਆਂ ਦੀ ਰਖਵਾਲੀ ਕਰਨੀ ਹੈ, ਭਾਵੇਂ ਉਸ ਨੂੰ ਆਪਣੀ ਜਾਨ ਲੇਖੇ ਲਾਉਣੀ ਪਵੇ :–

ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ
ਕਬਹੂ ਨ ਛਾਡੈ ਖੇਤੁ॥੨॥ (੧੧੦੫)

'ਧਰਮ' ਦੀ ਵਿਆਖਿਆ ਸੰਬੰਧੀ ਦਸਮ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੇਠ ਲਿਖੇ ਮਹਾਂਵਾਕ ਅਗਵਾਈ ਬਖਸ਼ਦੇ ਹਨ :–

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥
ਦੁਸਟ ਦੋਖੀਅਨਿ ਪਕਰਿ ਪਛਾਰੋ॥੪੨॥
ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਨ॥੪੩॥
[ਬਚਿਤ੍ਰ ਨਾਟਕ, ਧਿਆਇ ੬

ਓਪਰੀ ਨਜ਼ਰੇ 'ਦੁਸ਼ਟ ਸਭਨ ਕੋ ਮੂਲ ਉਪਾਰਨ' ਅਥਵਾ 'ਦੁਸਟ ਦੋਖੀਅਨਿ ਪਕਰਿ ਪਛਾਰੋ' ਵਾਲੇ ਕਰਤੱਵ ਨੂੰ ਧਰਮ-ਪ੍ਰਭਾਵੀ ਕਰਮ ਦੀ ਬਜਾਏ ਸਿਆਸਤ-ਪ੍ਰਭਾਵੀ ਕਰਮ ਗਰਦਾਨਿਆ ਜਾਂਦਾ ਹੈ। ਪਰ ਧੁਰ ਦਰਗਾਹੋਂ ਧਰਤੀ ਤੇ ਧਰਮ ਦਾ ਰਾਜ ਸਥਾਪਤ ਕਰਨ ਲਈ ਥਾਪੇ ਗਏ ਖੜਗੇਸ਼ ਸਤਿਗੁਰੂ ਜੀ ਨੇ ਇਸ ਕਰਤੱਵ ਨੂੰ ਧਰਮ ਕਰਕੇ ਨਿਰੂਪਨ ਕੀਤਾ ਤੇ ਇਸ ਸਰੇਸ਼ਟ ਕਰੱਤਵ ਦੀ ਨਿਰੰਤਰ ਪਾਲਨਾ ਕਰਨ ਲਈ ਧਰਮੀ ਫੌਜ–ਖਾਲਸਾ–ਨੂੰ ਸਾਜਿਆ :–

ਖਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥



www.AKJ.Org

ਖਾਲਸਾ-ਧਰਮੀ-ਫੌਜ ਦਾ ਪਰਮ ਧਰਮ ਹੀ ਇਹੋ ਹੈ ਕਿ ਧਰਮ ਦਾ ਰਾਜ ਸਥਾਪਤ ਹੋਵੇ ਅਤੇ ਕੋਈ ਕਿਸੇ ਤੇ ਜ਼ੋਰ ਜ਼ੁਲਮ ਨਾ ਕਰੇ । ਜਿਥੇ ਅਤੇ ਜਦੋਂ ਕੋਈ ਜਾਬਰ ਕਿਸੇ ਨਿਤਾਣੇ ਤੇ ਆਪਣੀ ਧੌਂਸ ਜਮਾਂਦਾ ਹੈ ਤਾਂ ਧਰਮੀ ਖਾਲਸੇ ਦਾ ਕਰਤੱਵ ਬਣਦਾ ਹੈ ਕਿ ਉਸਦੇ ਵਿਰੁਧ ਡੱਟ ਜਾਏ । ਸਰਬੱਤ ਦੇ ਭਲੇ ਦੀਆਂ ਟਾਹਰਾਂ ਤਾਂ ਕਈ ਅਖੌਤੀ ਸਮਾਜਕ ਤੇ ਸਿਆਸੀ ਲੀਡਰ ਮਾਰਦੇ ਹਨ, ਪਰ ਅਸਲ ਵਿਚ ਉਹ ਇਸ ਵਿਚੋਂ ਆਪਣੀ ਲੀਡਰੀ ਹੀ ਖਰੀ ਕਰਦੇ ਹਨ । ਸਰਬੱਤ ਦੇ ਭਲੇ ਦਾ ਪਤਾ ਓਦੋਂ ਲਗਦਾ ਹੈ ਜਦੋਂ ਇਸ ਲਈ ਕੁਰਬਾਨੀ ਕਰਨ ਦਾ ਅਉਸਰ ਆ ਬਣੇ । ਨਿਰ-ਸੁਆਰਥ ਕੁਰਬਾਨੀ ਧਰਮੀ ਖਾਲਸਾ ਜੀ ਦੇ ਹਿਸੇ ਹੀ ਆਈ ਹੈ । ਖਾਲਸੇ ਨੇ "ਅਪਨਾ ਬਿਗਾਰਿ ਬਿਰਾਨਾ ਸਾਂਢੈ" (੮੭੫) ਵਾਲਾ ਕਰਤੱਵ ਨਿਭਾਅ ਕੇ ਸਦਾ ਹੀ ਧਰਮੀ ਹੋਣ ਦਾ ਸਬੂਤ ਦਿਤਾ ।

ਕੁਝ ਚਿਰ ਤੋਂ ਇਸ ਗੱਲ ਦਾ ਪ੍ਰਚਾਰ ਬੜਾ ਜ਼ੋਰ ਪਕੜ ਗਿਆ ਹੈ ਕਿ ਸਿਖ ਧਰਮ ਵਿਚ 'ਧਰਮ' ਅਤੇ ਸਿਆਸਤ ਸਾਂਝੇ ਹਨ, ਭਾਵੇਂ ਸਿਆਸਤ ਧਰਮ ਦੀ ਤਾਬਿਆ ਵਿਚ ਹੈ । ਇਸ ਸੰਦਰਭ ਵਿਚ 'ਮੀਰੀ' 'ਪੀਰੀ' ਦੀ ਸਾਂਝ ਦਾ ਦ੍ਰਿਸ਼ਟਾਂਤ ਦਿਤਾ ਜਾਂਦਾ ਹੈ । ਪਰ ਇਹ ਕੁਝ ਹੋਰ ਗੱਲ ਹੈ । ਸਤਿਗੁਰਾਂ ਦੀ ਮੀਰੀ ਧੁਰੋਂ ਬਖਸ਼ੀ ਪੀਰੀ ਤੇ ਅਧਾਰਤ ਸੀ ਅਤੇ ਮੀਰੀ, ਪੀਰੀ ਦੀ ਪੂਰਕ ਸੀ । ਨਾਲੇ ਇਹ ਮੀਰੀ ਕੁਝ ਲੈਣ ਲਈ ਨਹੀਂ, ਸਗੋਂ ਕੁਝ ਨਿਛਾਵਰ ਕਰਨ ਲਈ ਸੀ ਅਤੇ ਸੰਸਾਰਕ ਲੁਟ-ਘਸੁਟ ਵਾਲੀ ਮੀਰੀ ਦੇ ਮੁਕਾਬਲੇ ਵਿਚ ਇਹ ਮੀਰੀ ਜਨਤਾ ਦੀ ਪਤਿ ਆਬਰੋ ਦੀ ਰਖਿਆ ਦੀ ਜ਼ਾਮਨ ਸੀ ।

ਜੇ ਸਿਆਸਤ ਦਾ ਮੰਤਵ ਸਰਬੱਤ ਦਾ ਭਲਾ ਹੈ ਤਾਂ ਸਰਬੱਤ ਦਾ ਭਲਾ ਤਾਂ ਧਰਮ ਦਾ ਹੀ ਅੰਗ ਹੈ, ਕਿਉਂਕਿ ਧਰਮੀ ਪੁਰਸ਼ ਸੰਤੋਖੀ ਹੁੰਦਾ ਹੈ ਅਤੇ ਸੰਤੋਖੀ ਹੀ ਹਥੋਂ ਕੁਝ ਛਡ ਸਕਦਾ ਹੈ—ਭੁਖਾ ਕਦਾਚਿਤ ਨਹੀਂ ।

ਇਹ ਗੱਲ ਹੁਣ ਸੰਸਾਰ ਤੇ ਚਿਟੇ ਦਿਨ ਵਾਂਗ ਉਜਾਗਰ ਹੋ ਗਈ ਹੈ ਕਿ ਪ੍ਰਚਲਤ ਸਿਆਸਤ ਦਾ ਪ੍ਰਯੋਜਨ ਲੈਣਾ ਹੀ ਲੈਣਾ ਹੈ । ਘੋਰ ਕਲਜੁਗ ਦੇ ਪ੍ਰਭਾਵ ਅਧੀਨ ੯੯ ਫ਼ੀ ਸਦੀ ਸਿਆਸੀ ਮਨੁਖਾਂ ਉਤੇ ਹਰ ਦਮ ਖ਼ੁਦਗਰਜ਼ੀ ਸਵਾਰ ਰਹਿੰਦੀ ਹੈ ਅਤੇ ਆਪਣੀ ਖ਼ੁਦਗਰਜ਼ੀ ਅਤੇ ਮੰਤਵ-ਪੂਰਤੀ ਲਈ ਉਹ ਹਰ ਜਾਇਜ਼ ਨਜਾਇਜ਼ ਹਰਬਾ ਵਰਤਣ ਤੋਂ ਸੰਕੋਚ ਨਹੀਂ ਕਰਦੇ । ਪ੍ਰਚਲਤ ਸਿਆਸਤ ਕੋਰੀ ਕੁਟਲਤਾ ਹੀ ਬਣ ਕੇ ਰਹਿ ਗਈ ਹੈ ।

ਸਵਾਲ ਉਠਦਾ ਹੈ ਕਿ ਕੁਟਲਤਾ, ਜੋ ਪ੍ਰਚਲਤ ਸਿਆਸਤ ਦਾ ਦੂਜਾ ਨਾਂ ਹੈ, ਦੀ ਧਰਮ ਨਾਲ ਸਾਂਝ ਕਿਵੇਂ ਨਿਭ ਸਕਦੀ ਹੈ ? ਜਦ ਕਿ ਧਰਮ ਨਿਰਛਲਤਾ ਅਤੇ ਨਿਸ਼ਕਪਟਤਾ ਦਾ ਪੁੰਜ ਹੈ ?

ਸਿਖ ਧਰਸ ਵਿਚ ਧਰਮ ਦੇ ਲੱਛਣ, ਧਰਮ ਦੇ ਇਤਿਹਾਸ ਅਤੇ ਧਰਮ ਦੀ ਰਵਾਇਤ ਦੀ ਰੌਸ਼ਨੀ ਵਿਚ "ਧਰਮ ਸਿਆਸਤ ਸਾਂਝੀ" ਦਾ ਨਾਹਰਾ ਕੁਝ ਚਲਾਕ ਸਿਆਸੀ ਵਿਅਕਤੀਆਂ ਦੇ ਚਤੁਰ ਦਿਮਾਗ ਦੀ ਕਾਢ ਹੈ, ਜੋ ਉਹਨਾਂ ਨੇ ਧਰਮ ਨੂੰ ਹਥ-ਠੋਕਾ ਬਣਾ ਕੇ ਆਪਣਾ ਉੱਲੂ ਸਿਧ ਕਰਨ ਲਈ ਬੁਲੰਦ ਕੀਤਾ । 'ਧਰਮ' ਹਰ ਪਖੋਂ ਸੰਪੂਰਨ ਜੀਵਨ-ਰਾਹ ਹੈ ਅਤੇ ਧਰਮੀ ਮਨੁਖ ਦਾ ਹਰ ਕਰਤੱਵ ਕਿਸੇ ਨ ਕਿਸੇ ਰੂਪ ਵਿਚ ਸਰਬੱਤ ਦੇ ਭਲੇ ਵਲ ਸਮਰਪਤ ਹੁੰਦਾ ਹੈ । ਫਿਰ ਧਰਮ ਲਈ ਸਿਆਸਤ ਦੀ ਮੁਥਾਜੀ ਕਾਹਦੇ ਲਈ ? ਤੇ ਧਰਮ ਸਿਆਸਤ ਦੀ ਸਾਂਝ ਕਿਉਂ ?

ਬੀਤੇ ਸਮੇਂ ਵਿਚ ਧਰਮੀ ਅਕਾਲੀ ਸੂਰਬੀਰਾਂ ਨੇ ਮਨੁਖੀ ਅਣਖ ਅਤੇ ਸਵੈਮਾਨ ਲਈ ਅਜਿਹੇ ਅਦੁਤੀ ਕਾਰਨਾਮੇ ਕੀਤੇ ਕਿ ਸੰਸਾਰ ਦੇ ਇਤਿਹਾਸ ਵਿਚ ਉਹਨਾਂ ਸਤਿਕਾਰਯੋਗ ਅਸਥਾਨ ਬਣਾ ਲਿਆ । ਉਹਨਾਂ ਵਡੀ ਤੋਂ ਵਡੀ ਕੁਰਬਾਨੀ ਕੀਤੀ ਅਤੇ ਉਹਨਾਂ ਦੀ ਮਹਾਨ ਪ੍ਰਾਪਤੀ ਸੀ ਕੇਵਲ 'ਮਨੁਖੀ ਸਵੈਮਾਨ' । ਉਹ ਲੀਡਰੀ ਦੇ ਹਰਗਿਜ਼ ਮੁਥਾਜ ਨਹੀਂ ਸਨ, ਸਗੋਂ ਲੀਡਰੀਆਂ ਉਹਨਾਂ ਦੀਆਂ ਵਿਕਸਤ ਸ਼ਖ਼ਸੀਅਤਾਂ ਦੇ ਪੈਰਾਂ ਵਿਚ ਰੁਲਦੀਆਂ ਫਿਰਦੀਆਂ ਸਨ, ਪਰ ਉਹਨਾਂ ਨੂੰ ਇਹਨਾਂ ਦਾ ਰਤਾ ਜਿੰਨਾ ਵੀ ਗੁਮੇਹ ਨਹੀਂ ਸੀ । ਅਜਿਹੇ ਮਰਜੀਵੜੇ ਮਰਦਾਂ ਨੇ ਇਕ ਅਜਿਹਾ ਇਤਿਹਾਸ ਕਾਇਮ ਕੀਤਾ ਜਿਸ ਤੇ ਜਿੰਨਾ ਵੀ ਗੌਰਵ ਕੀਤਾ ਜਾਏ, ਓਨਾ ਹੀ ਥੋੜਾ ਹੈ । ਉਹਨਾਂ ਦੇ ਨਿਕਟ ਸਿਆਸਤ ਨਾਂ ਦੀ ਕੋਈ ਬਲਾਅ ਨਹੀਂ ਸੀ ਢੁਕੀ ।

ਸਮੇਂ ਨੇ ਗੇੜ ਕਟਿਆ । ਮਾਦਾ-ਪ੍ਰਸਤੀ ਦੇ ਪ੍ਰਭਾਵ ਨੇ ਅਕਾਲੀ ਦਲ ਨੂੰ ਵੀ ਪ੍ਰਭਾਵਤ ਕੀਤਾ । ਇਸ ਭਾਵਨਾ ਦੇ ਅਧੀਨ ਹੀ ਧਰਮ ਸਿਆਸਤ ਦਾ ਨਾਹਰਾ ਜ਼ੋਰ ਪਕੜ



www.AKJ.Org

ਗਿਆ। ਵਰਤਮਾਨ ਕਾਲ ਵਿਚ ਅਕਾਲੀ ਪਾਰਟੀ ਵਿਚ ਬਹੁਤਿਆਂ ਨੇ ਆਪਣੇ ਨਿਜੀ ਸੁਆਰਥਾਂ ਦੀ ਪੂਰਤੀ ਲਈ ਬਾਰ ਬਾਰ ਧਰਮ ਦੀ ਵਰਤੋਂ ਕਰ ਕੇ ਧਰਮ ਦੀ ਹਾਨੀ ਕੀਤੀ ਹੈ। ਸਿਖ ਧਰਮ ਵਿਰੋਧੀਆਂ ਦੇ ਹਮਲਿਆਂ ਨਾਲ ਕਦਾਚਿਤ ਨਿਤਾਣਾ ਨਹੀਂ ਹੋਇਆ। ਵਡੇ ਵਡੇ ਘਲੂ-ਘਾਰਿਆਂ ਮਗਰੋਂ ਵੀ ਕੁੰਦਨ ਹੋ ਚਮਕਿਆ। ਪਰ ਧਰਮ ਦੇ ਨਾਂ ਥਲੇ ਠੱਗੀਆਂ ਮਾਰਨ ਵਾਲੇ ਅਖੌਤੀ ਸਿਖਾਂ ਨੇ ਧਰਮ ਦੇ ਪਿੰਡੇ ਦਾ ਸਾਰਾ ਖੂਨ ਚੂਸ ਛਡਿਆ ਹੈ। ਕੌਣ ਨਹੀਂ ਜਾਣਦਾ ਕਿ ਜੇ ਬਾਕੀ ਪਾਰਟੀਆਂ ਵਿਚ ਸਿਆਸਤ ੮੦ ਫ਼ੀ ਸਦੀ ਕੁਟਲਤਾ ਤੇ ਅਧਾਰਤ ਹੈ ਤਾਂ ਵਰਤਮਾਨ ਅਕਾਲੀ ਦਲ ਵਿਚ ਸਿਆਸਤ ਦੀ ਕੁਟਲਤਾ ਦਾ ਮਿਆਰ ਇਸ ਤੋਂ ਵਧ ਭਾਵੇਂ ਹੋਵੇ ਘਟ ਨਹੀਂ। ਅਜ ਅਕਾਲੀ ਵਜ਼ੀਰਾਂ ਵਿਚ ਪਰਵਿਰਤ ਭਰਿਸ਼ਟਾਚਾਰ ਲੋਕਾਂ ਦੀ ਦੰਦ-ਕਥਾ ਦਾ ਵਿਸ਼ਾ ਬਣਿਆ ਹੋਇਆ ਹੈ। ਸੋ ਇਸ ਹਾਲਤ ਵਿਚ ਇਸ ਨੂੰ ਪੰਥਕ-ਪਾਰਟੀ ਆਖਣਾ ਪੰਥ ਨਾਲ ਵਡੀ ਬੇਇਨਸਾਫ਼ੀ ਹੋਵੇਗੀ। ਕੁਟਲ ਅਕਾਲੀ ਸਿਆਸਤ ਨੇ ਸਿਖ ਧਰਮ ਦਾ ਮੁਹਾਂਦਰਾ ਵਿਗਾੜ ਕੇ ਰੱਖ ਦਿਤਾ ਹੈ। ਕੋਈ ਸਮਾਂ ਸੀ ਕਿ ਸਿਖ ਸ਼ਖ਼ਸੀਅਤ ਦਾ,ਹਰ ਕੋਈ ਧਰਮੀ ਜਾਣ ਕੇ ਆਦਰ ਸਤਿਕਾਰ ਕਰਦਾ ਸੀ, ਪਰ ਵਰਤਮਾਨ ਅਕਾਲੀਆਂ ਦੀ ਕੁਟਲ ਸਿਆਸਤ ਦੇ ਤੁਫ਼ੈਲ ਅਜ ਹਰ ਸਿਖ ਘਿਰਣਾ ਦੀ ਨਿਗਾਹ ਨਾਲ ਦੇਖਿਆ ਜਾਣ ਲਗ ਪਿਆ ਹੈ। ਅਤਿ-ਵਾਦ ਅਤੇ ਵਖ-ਵਾਦ, ਜੋ ਸਿਖ ਸ਼ਖ਼ਸੀਅਤ ਦਾ ਮੂਲਕ-ਭਾਗ ਕਦਾਚਿਤ ਨਹੀਂ, ਇਸ ਨਾਲ ਬਦੋ-ਬਦੀ ਜੋੜ ਦਿਤੇ ਗਏ ਹਨ ਅਤੇ ਇਸ ਬਾਰੇ ਦਿਨ ਰਾਤ ਭੰਡੀ ਪਰਚਾਰ ਕੀਤਾ ਜਾ ਰਿਹਾ ਹੈ। 'ਅਤਿਵਾਦੀ' 'ਵਖਵਾਦੀ' ਹੋਣ ਦਾ ਦੂਸ਼ਨ ਥਪ ਕੇ ਸਿਖ ਜਵਾਨਾਂ ਦਾ ਜੰਗਲੀ ਜਾਨਵਰਾਂ ਵਾਂਗ ਸ਼ਿਕਾਰ ਕੀਤਾ ਜਾ ਰਿਹਾ ਹੈ।

ਸਾਡੇ ਅਕਾਲੀ ਲੀਡਰਾਂ ਨੂੰ ਕੌਮ ਦੀ ਏਨੀ ਦੁਰਦਸ਼ਾ ਕਰਵਾ ਕੇ ਵੀ ਕੋਈ ਸੁਮੱਤ ਨਹੀਂ ਆਈ। "ਰੋਮ ਸੜ ਰਿਹਾ ਸੀ ਅਤੇ ਨੀਰੂ ਵੰਝਲੀ ਵਜਾ ਰਿਹਾ ਸੀ", ਅਜ ਜਦ ਸਾਰੀ ਕੌਮ ਵਰਤਮਾਨ ਅਕਾਲੀਆਂ ਦੀ ਕੁਟਲ ਸਿਆਸਤ ਕਾਰਨ ਹੋਈ ਨਮੋਸ਼ੀ ਦਾ ਭੁਗਤਾਣ ਭੁਗਤ ਰਹੀ ਹੈ, ਇਹ ਭਦਰ ਪੁਰਸ਼ ਬਦਸਤੂਰ ਆਪਣੀ ਲੀਡਰੀ ਦੀ ਵੰਝਲੀ ਵਜਾ ਰਹੇ ਹਨ। ਇਕ ਅਕਾਲੀ ਦਲ ਦੇ ਥਾਂ ਅਜ ਅਧੀ ਕੁ ਦਰਜਨ ਅਕਾਲੀ ਦਲ ਹੋਂਦ ਵਿਚ ਆ ਚੁਕੇ ਹਨ। ਇਹ ਚੌਧਰ ਦੀ ਭੁਖ ਦਾ ਪ੍ਰਗਟ ਪ੍ਰਮਾਣ ਨਹੀਂ ਤਾਂ ਹੋਰ ਕੀ ਹੈ ?

ਪੰਥ-ਦਰਦੀਆਂ ਵਲੋਂ ਬਾਰ ਬਾਰ ਏਕਤਾ ਦੀਆਂ ਅਪੀਲਾਂ ਕੀਤੇ ਜਾਣ ਦਾ ਵੀ ਅਖੌਤੀ ਅਕਾਲੀ ਲੀਡਰਾਂ ਤੇ ਕੋਈ ਅਸਰ ਨਹੀਂ ਹੋਇਆ। ਉਹਨਾਂ ਨੂੰ ਲੀਡਰੀ ਚਾਹੀਦੀ ਏ, ਕੌਮ ਜਾਏ ਜਹੱਨਮ ਨੂੰ ! ਚੌਧਰ ਦੀ ਭੁਖ ਅਧੀਨ ਵਖ ਵਖ ਅਕਾਲੀ ਦਲਾਂ ਤੋਂ ਇਲਾਵਾ ਕੁਝ ਹੋਰ ਸਿਖ-ਸਿਆਸੀ ਪਾਰਟੀਆਂ ਵੀ ਖੇਤਰ ਵਿਚ ਆ ਗਈਆਂ ਹਨ। ਸਭ ਉਤੇ ਚੌਧਰ ਦਾ ਭੂਤ ਸਵਾਰ ਹੈ। ਸਾਰੇ ਕੌਮ ਦੀ ਕਿਸਮਤ ਨਾਲ ਖੇਡ ਰਹੇ ਹਨ। ਹਰ ਕੋਈ ਦੂਜੇ ਨੂੰ ਭੰਡਣ ਅਤੇ ਆਪਣੀ ਪਾਰਟੀ ਨੂੰ ਪੰਥ-ਹਿਤੂ ਜਿਤਲਾਉਣ ਵਿਚ ਰੁਝਾ ਹੋਇਆ ਹੈ। ਅਜਿਹੀ ਆਪੋ-ਧਾਪੀ ਵਾਲੀ ਦਸ਼ਾ ਵਿਚ ਜੇ ਪੰਥਕ ਏਕਤਾ ਨਹੀਂ ਹੁੰਦੀ ਤਾਂ ਤਬਾਹੀ ਯਕੀਨੀ ਹੈ, ਕਿਉਂਕਿ ਫ਼ਿਰਕੂ ਬਹੁ-ਗਿਣਤੀ, ਧਰਮ-ਨਿਰਪੇਖਤਾ ਦਾ ਬੁਰਕਾ ਪਹਿਨੀ ਫ਼ਿਰਕੂ ਸਰਕਾਰ ਅਤੇ ਫ਼ਿਰਕੂ ਪਰੈਸ ਸਿਖ ਕੌਮ ਨੂੰ ਹੜੱਪ ਕਰਨ ਲਈ ਘਾਤ ਲਾਈ ਬੈਠੇ ਹਨ।

ਸਵਾਲ ਉਠਦਾ ਹੈ ਕਿ ਜੇ ਇਹਨਾਂ ਸਿਆਸੀ ਲੀਡਰਾਂ ਦੇ ਆਪਣੇ ਕਥਨ ਅਨੁਸਾਰ ਹੀ ਸਿਖ ਸਿਆਸਤ ਧਰਮ ਦੀ ਤਾਬਿਆ ਵਿਚ ਹੈ ਤਾਂ ਉਹ ਧਰਮ ਦੇ ਵਾਰਸ ਕਿਥੇ ਹਨ ਤੇ ਕੀ ਕਰ ਰਹੇ ਹਨ ?

ਕੀ ਸਿਖ ਸਿਆਸਤ ਉਤੇ ਧਰਮ ਦਾ ਕੋਈ ਕੁੰਡਾ ਹੈ ? ਜੇ ਹੈ ਤਾਂ ਉਸ ਦੀ ਵਰਤੋਂ ਕਦੋਂ ਕੀਤੇ ਜਾਣ ਲਈ ਰਾਖਵੀਂ ਰਖੀ ਹੋਈ ਹੈ ?

ਤਤਕਾਲ ਇਸ ਕੁੰਡੇ ਦੀ ਵਰਤੋਂ ਕਰੋ,ਨਹੀਂ ਤਾਂ—
ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ।
[ਪੰਨਾ ੫੧੯

ਸੰਭਲੋ ! ਸੰਭਲੋ !! ਸੰਭਲੋ !!!



www.AKJ.Org

# ਵਾਹ ! ਪੰਜਾਬ ਦੀਏ ਕਿਸਮਤੇ

(ਸ: ਪ੍ਰਤਾਪ ਸਿੰਘ ਜੀ ਗਿਲ, ਸਾਬਕ ਲੈਫਟੀਨੈਂਟ ਗਵਰਨਰ ਗੋਆ)

੧੯੧੪ ਦੇ ਮਹਾ ਯੁਧ ਵਿਚ ਇਕ ਜਰਨੈਲ ਨੇ ਮੈਸੋਪੋਟੇਮੀਆ ਵਿਚੋਂ ਮੰਗ ਕੀਤੀ ਸੀ ਕਿ ਜੇ ਫ਼ਤਹ ਹਾਸਲ ਕਰਨੀ ਹੈ ਤਾਂ ਮੈਨੂੰ ਛੇਤੀ ਸਿੱਖ ਤੇ ਡੋਗਰੇ ਫੌਜੀ ਭੇਜੇ ਜਾਣ। ਉਸੇ ਸਾਲ ਸਾਰੇ ਦੇਸ਼ ਵਿਚੋਂ ੯੩੦੦੦ ਫ਼ੌਜੀ ਭਰਤੀ ਕੀਤੇ ਗਏ, ਜਿਹਨਾਂ ਵਿਚੋਂ ੪੬੦੦੦ ਇਕੱਲੇ ਪੰਜਾਬ ਨੇ ਦਿੱਤੇ ਅਤੇ ਇਸ ਵਿਚ ਬਹੁਤੇ ਸਿੱਖ ਸਨ। ਬੰਗਾਲ ਸੂਬੇ ਵਿਚ ੨੩ ਮਿਲੀਅਨ ਲੋਕ ਵੱਸਦੇ ਸਨ, ਪਰ ਉਹਨਾਂ ਦੀ ਭਰਤੀ ਸਾਰੀ ਇਕ ਹਜ਼ਾਰ ਦੇ ਕਰੀਬ ਸੀ। ਅੱਜ ਸਾਰੇ ਦੇਸ਼ ਨੂੰ ਪੇਟ ਭਰਨ ਲਈ ਅਨਾਜ ਪੰਜਾਬ ਭੇਜਦਾ ਹੈ। ਜੇ ਅਜ਼ਾਦੀ ਦਾ ਯੁੱਧ ਸ਼ੁਰੂ ਹੋਇਆ ਤਾਂ ੯੦ ਫ਼ੀ ਸਦੀ ਫਾਂਸੀਆਂ ਸਿੱਖਾਂ ਦੇ ਹਿੱਸੇ ਆਈਆਂ। ਯੂ ਐਸ ਏ ਅਤੇ ਕੈਨੇਡਾ ਵਿਚ ੧੯੧੪ ਵਿਚ ੮ ਹਜ਼ਾਰ ਹਿੰਦੀ ਸਨ। ੮੦ ਫ਼ੀ ਸਦੀ ਇਹਨਾਂ ਵਿਚ ਸਿੱਖ ਸਨ ਤੇ ਉਹ ਤਕਰੀਬਨ ਸਾਰੇ ਸਾਬਕਾ ਫੌਜੀ ਸਨ। ਦੇਸ਼ ਦੀ ਅਜ਼ਾਦੀ ਵਿਚ ਇਨ੍ਹਾਂ ਫੌਜੀ ਸਿੰਘਾਂ ਨੇ ਆਪਣੀ ਜਾਨ ਦੇਸ਼ ਦੇ ਹਵਾਲੇ ਕਰ ਦਿੱਤੀ ਸੀ।

ਅੱਜ ਸਾਨੂੰ ਸਿੱਖਾਂ ਨੂੰ ਦੇਸ਼-ਧਰੋਹੀ ਦਾ ਰੁਤਬਾ ਸਾਡੀ ਅਜ਼ਾਦ ਗੌਰਮਿੰਟ ਨੇ ਦੇ ਦਿੱਤਾ ਹੈ। ਅੱਜ ਹਰ ਜੁਆਨ ਸਿੱਖ ਅੱਤਵਾਦੀ ਹੈ। ਹਰ ਸਿੱਖ ਲੀਡਰ ਬਾਗ਼ੀ ਕਿਹਾ ਜਾਂਦਾ ਹੈ। ਜਿਹਨਾਂ ਨੇ ਇਕ ਤੁਬਕਾ ਖੂਨ ਦਾ ਦੇਸ਼ ਲਈ ਨਹੀਂ ਦਿੱਤਾ, ਉਹ ਅੱਜ ਰਾਜ-ਗੱਦੀਆਂ ਉਤੇ ਬੈਠ ਕੇ ਸਿੱਖਾਂ ਨੂੰ ਦੇਸ਼ ਦੇ ਗ਼ਦਾਰ ਕਹਿ ਰਹੇ ਹਨ। ਜਿਹਨਾਂ ਨੇ ਕਦੇ ਜੇਲ੍ਹ ਦਾ ਬਾਹਰ ਦਾ ਦਰਵਾਜ਼ਾ ਵੀ ਨਹੀਂ ਦੇਖਿਆ ਸੀ ਉਹ ਫ਼ਰੀਡਮ ਫ਼ਾਈਟਰ ਬਣ ਕੇ ਅਜ ਸਿੱਖਾਂ ਨੂੰ ਦੇਸ਼-ਭਗਤ ਬਣਨ ਦਾ ਸਬਕ ਦੇਣ ਆਉਂਦੇ ਹਨ। ਉਹਨਾਂ ਵਿਚੋਂ ਕਈ ਤਾਂ ੧੯੪੭ ਵਿਚ ਪੈਦਾ ਵੀ ਨਹੀਂ ਸੀ ਹੋਏ। ਵਾਹ ਪੰਜਾਬ ਦੀਏ ਕਿਸਮਤੇ !

ਅੰਗਰੇਜ਼ ਵੇਲੇ ਪਿਸ਼ਾਵਰ ਤੋਂ ਦਿੱਲੀ ਤੱਕ ਸਿਰਫ ੧੨੦ ਪੁਲਸ ਅਫਸਰ ਤੇ ੨੨੦੦੦ ਸਿਪਾਹੀ ਸਨ। ਅਮਨ ਵਧੀਆ ਹੁੰਦਾ ਸੀ। ਹਰ ਫ਼ੈਸਲਾ ਕਚਹਿਰੀ ਕਰਦੀ ਸੀ। ਅੱਜ ਹਰ ਸਿੱਖ ਯੂਥ ਦਾ ਫ਼ੈਸਲਾ ਪੁਲਸ ਮੁਕਾਬਲੇ ਵਿਚ ਹੋ ਜਾਂਦਾ ਹੈ। ਕਚਹਿਰੀਆਂ ਵਿਚ ਜੱਜ ਨੂੰ ਕੇਸ ਸੁਣਨ ਦਾ ਮੌਕਾ ਹੀ ਨਹੀਂ ਮਿਲਦਾ। ਅੱਜ ਇਕੱਲੇ ਚੰਡੀਗੜ੍ਹ ਵਿਚ ੧੨੦ ਪੁਲਸ ਅਫਸਰ ਹਨ। ਪੰਜਾਬ ਵਿਚ ੨੦੦ ਕੰਪਨੀਆਂ ਪੁਲਸ ਹੈ, ਫੇਰ ਵੀ ਅਮਨ ਨਾਮ ਦੀ ਚੀਜ਼ ਕਿਤੇ ਨਜ਼ਰ ਨਹੀਂ ਆਉਂਦੀ। ਇਸ ਦਾ ਕਾਰਨ ਇਹ ਹੈ ਕਿ ਭਾਵੇਂ ਹਰ ਸਿੱਖ ਪੰਜਾਬ ਦੀ ਬਦਅਮਨੀ ਤੋਂ ਤੰਗ ਹੈ, ਪਰ ਕੋਈ ਵੀ ਸਿੱਖ ਖੁਸ਼ੀ ਖੁਸ਼ੀ ਪੰਜਾਬ ਗੌਰਮਿੰਟ ਤੋਂ, ਖਾਸ ਕਰਕੇ ਸੀ ਆਰ ਪੀ ਨਾਲ ਸਹਿਯੋਗ ਕਰਨ ਨੂੰ ਤਿਆਰ ਨਹੀਂ ਹੈ।

ਅੱਜ ਪੰਜਾਬ ਤੇ ਖਾਸ ਕਰਕੇ ਮੇਰਾ ਇਲਾਕਾ ਮਾਝੇ ਦੇ ਹਰ ਘਰ ਵਿਚ ਦੁਖਾਂ ਦਾ ਢੇਰ ਲੱਗਾ ਹੋਇਆ ਹੈ। ਕਿਸੇ ਦਾ ਪਤੀ ਬਲਿਊ ਸਟਾਰ ਵਿਚ ਮਾਰਿਆ ਗਿਆ, ਕਿਸੇ ਦਾ ਪੁਤਰ ਨਿਹੱਕ ਜੇਲ੍ਹ ਵਿਚ ਹੈ ਅਤੇ ਜੋਧਪੁਰ ਪਹੁੰਚਣ ਲਈ ਮਾਂ ਵਿਚਾਰੀ ਪਾਸ ਕਿਰਾਇਆ ਨਹੀਂ, ਕਿਸੇ ਦੇ ਪੁੱਤਰ ਨੂੰ ਸੀ ਆਰ ਪੀ ਨੇ ਅੱਤਵਾਦੀ ਕਹਿ ਕੇ ਗੋਲੀ ਮਾਰ ਦਿਤੀ ਤੇ ਪੁਲਸ-ਮੁਕਾਬਲਾ ਕਹਿ ਕੇ ਕਹਾਣੀ ਖ਼ਤਮ ਕਰ ਦਿਤੀ। ਹਰ ਘਰ ਵਿਚ ਰੋਣਾ ਹੀ ਰੋਣਾ ਹੈ। ਐਸੇ ਦੁਖ ਵਿਚ ਕਿਸ ਮਾਂ ਪਾਸ ਵਕਤ ਹੈ ਕਿ ਉਹ ਅਮਨ ਰੱਖਣ ਦੀਆਂ ਅਪੀਲਾਂ ਸੁਣ ਸਕੇ। ਪੰਜਾਬ ਦੀ ਦੁਖੀ ਮਾਂ ਤਾਂ ਗੌਰਮਿੰਟ ਨੂੰ ਬਦਸੀਸਾਂ ਦੇਣ ਤੋਂ ਬਗੈਰ ਹੋਰ ਕੁਝ ਕਰ ਹੀ ਨਹੀਂ ਸਕਦੀ।

ਇਹੋ ਕਾਰਨ ਹੈ ਕਿ ਬਾਬਾ ਆਮਟੇ ਵਰਗੇ ਨੇਕ ਆਦਮੀ ਦੀ ਅਪੀਲ ਤੇ ਫੇਰੀ ਦਾ ਸਿੱਖਾਂ ਉਤੇ ਮਾਸਾ ਵੀ ਅਸਰ ਨਹੀਂ ਹੋਇਆ ਅਤੇ ਨਾ ਹੋਣਾ ਹੀ ਹੈ। ਚੰਗਾ ਹੁੰਦਾ ਕਿ ਪੰਜਾਬ-ਫੇਰੀ ਤੋਂ ਪਹਿਲਾਂ ਬਾਬਾ ਆਮਟੇ ਦਿੱਲੀ ਦੇ ਫ਼ਰੀਡਮ ਫ਼ਾਈਟਰ ਤੇ ਹੋਰ ਸਾਈਕਲ ਪਾਰਟੀਆਂ ਪਹਿਲਾਂ ਪ੍ਰਧਾਨ ਮੰਤਰੀ ਨੂੰ ਮਿਲਦੇ ਤੇ ਜਿਹਨਾਂ ਹਿੰਦੂ ਲੀਡਰਾਂ ਨੇ ਸਿੱਖਾਂ ਦਾ ਪੰਜਾਬੋਂ ਬਾਹਰ ਨਾਦਰਸ਼ਾਹ ਵਾਲਾ ਕਤਲੇਆਮ ਕਰਵਾਇਆ ਹੈ, ਉਹਨਾਂ ਨੂੰ ਸਜ਼ਾ ਦੁਆਉਂਦੇ। ਫੇਰ ਸਿੱਖ ਵੀ ਬਾਬਾ ਜੀ ਦੇ ਆਉਣ ਦਾ ਮੁਲ ਪਾਉਂਦੇ।



www.AKJ.Org

ਇਹ ਇਨਸਾਨ ਦੀ ਖੁਸ਼ਕਿਸਮਤੀ ਹੈ ਕਿ ਪ੍ਰਮਾਤਮਾ ਨੇ ਇਸ ਨੂੰ ਇਹ ਸ਼ਕਤੀ ਦਿੱਤੀ ਹੀ ਨਹੀਂ ਕਿ ਇਹ ਜਾਣ ਸਕੇ ਕਿ ਕੱਲ੍ਹ ਨੂੰ ਕੀ ਹੋ ਜਾਣਾ ਹੈ। ਇਸ ਲਈ ਇਤਨੀ ਬੁਰੀ ਹਾਲਤ ਹੁੰਦਿਆਂ ਹੋਇਆਂ ਵੀ ਪੰਜਾਬ ਦਾ ਸਿੱਖ ਅਮਨ ਦੀ ਆਸ ਵਿਚ ਬੈਠਾ ਹੈ। ਸਿਰਫ਼ ਸਿੱਖਾਂ ਨੂੰ ਸਿਧਿਆਂ ਕਰਨ ਵਾਸਤੇ ਤੇ ਹਿੰਦੂ ਵੋਟ ਲੈਣ ਵਾਸਤੇ ਗੌਰਮਿੰਟ ਨੇ ਖ਼ਾਲਿਸਤਾਨ ਸਿੱਖਾਂ ਦੇ ਨਾਮ ਲਿਖ ਦਿਤਾ। ਮੈਂ ਇਹ ਨਹੀਂ ਕਹਿੰਦਾ ਕਿ ਕੁਝ ਸਿੱਖ ਇਹ ਮੰਗ ਨਹੀਂ ਕਰਦੇ, ਪਰ ਜਿੰਨਾ ਚਿਰ ਸ਼੍ਰੋਮਣੀ ਅਕਾਲੀ ਦਲ ਮਤਾ ਪਾਸ ਨਾ ਕਰੇ ਉਤਨਾ ਚਿਰ ਗੌਰਮਿੰਟ ਨੂੰ ਗੁਰੂ ਘਰਾਂ ਵਿਚ ਜਾਣ ਤੇ ਸਿੱਖਾਂ ਨੂੰ ਮਾਰਨ ਦਾ ਕੋਈ ਹੱਕ ਨਹੀਂ ਬਣਦਾ। ਦੇਸ਼ ਵਿਚ ਹਿੰਦੂਆਂ ਦੀ ਬਹੁਤ ਵੱਡੀ ਬਹੁ-ਗਿਣਤੀ ਹੈ। ਜੇ ਕਦੇ ਕੋਈ ਘੱਟ-ਗਿਣਤੀ ਗ਼ਲਤੀ ਵੀ ਕਰ ਦੇਵੇ ਤਾਂ ਹਿੰਦੂਆਂ ਦਾ ਫ਼ਰਜ਼ ਬਣਦਾ ਹੈ ਕਿ ਉਸ ਨੂੰ ਠੰਡੇ ਦਿਲ ਨਾਲ ਨਜਿੱਠਣ। ਬਦਲੇ ਦੀ ਭਾਵਨਾ ਨਾਲ ਵੈਰ ਲੈਣਾ ਹਿੰਦੂ ਬਹੁ-ਗਿਣਤੀ ਨੂੰ ਸ਼ੋਭਦਾ ਨਹੀਂ।

੧੯੪੭ ਵਿਚ ਦੇਸ਼ ਦੀ ਵੰਡ ਹੋਈ। ਬਹੁਤ ਕਤਲੇਆਮ ਹੋਇਆ, ਪਰ ਉਸ ਵਕਤ ਵੀ ਸਿਰਫ਼ ਇਕ ਫੌਜੀ ਅਫਸਰ ਗੱਡੀ ਵਿਚ ਮਰਿਆ ਸੀ। ਅੱਜ ਸਾਡੇ ਹਿੰਦੂ ਭਰਾਵਾਂ ਦੀ ਮਜਾਰਿਟੀ ਗੌਰਮਿੰਟ ਹੈ। ਅੱਜ ਕੀ ਹੋਇਆ? ਸਿੱਖਾਂ ਨੂੰ ਪੰਜਾਬੋਂ ਬਾਹਰ ਜੀਊਂਦੇ ਪਟਰੋਲ ਪਾ ਕੇ ਸਾੜਿਆ ਗਿਆ, ਸਿੱਖ ਧੀਆਂ ਭੈਣਾਂ ਦੀ ਇੱਜ਼ਤ ਲੁੱਟੀ ਗਈ। ਸਿੱਖ ਫੌਜੀਆਂ ਨੂੰ ਗੱਡੀਆਂ ਖੜ੍ਹੀਆਂ ਕਰ ਕੇ ਵਰਦੀਆਂ ਵਿਚ ਹੀ ਮਾਰਿਆ ਗਿਆ। ਜਿਸ ਫੌਜੀ ਵਰਦੀ ਦੀ ਸਾਡੀ ਹਿੰਦੂ ਬਹੁ-ਗਿਣਤੀ ਇਹੋ ਜਿਹੀ ਕਦਰ ਕਰੇ, ਉਹ ਵਰਦੀ ਪਾਕਿਸਤਾਨੀਆਂ ਨੂੰ ਕਿਥੋਂ ਰੋਕ ਸਕੇਗੀ? ਸਾਡੇ ਹਿੰਦੂ ਵੀਰਾਂ ਤੋਂ ਗੌਰਮਿੰਟ ਨੇ ਆਪੇ ਹੀ ਇਸ ਕੋਝੀ ਹਰਕਤ ਨਾਲ ਆਪਣੀ ਫੌਜ ਨੂੰ ਕਮਜ਼ੋਰ ਕਰ ਲਿਆ ਹੈ। ਦੇਸ਼ ਨੂੰ ਇਹ ਸਭ ਤੋਂ ਵੱਡਾ ਘਾਟਾ ਪਿਆ।

ਹੁਣ ਸਿੱਖ ਸੋਚਦੇ ਹਨ ਕਿ ਕੀ ਅਸੀਂ ਤੇ ਸਾਡੇ ਪੁਤਰ ਇਸ ਗੌਰਮਿੰਟ ਥੱਲੇ ਸੁਰੱਖਿਅਤ ਵੀ ਹਨ? ਕੀ ਸਿੱਖਾਂ ਨੂੰ ਹੁਣ ਫੌਜ ਵਿਚ ਜਾਣਾ ਵੀ ਚਾਹੀਦਾ ਹੈ? ਇਹ ਵਿਚਾਰਾਂ ਦੇਸ਼ ਤੇ ਸਿੱਖਾਂ ਲਈ ਖ਼ਤਰਨਾਕ ਹਨ, ਪਰ ਪਿਛਲੀ ਕਤਲੇਆਮ ਤੇ ਖ਼ਾਸ ਕਰ ਫੌਜੀ ਸਿੱਖਾਂ ਦੀਆਂ ਮੌਤਾਂ ਨੇ ਇਹ ਖ਼ਿਆਲ ਸਿੱਖ ਘਰਾਣਿਆਂ ਵਿਚ ਲੈ ਆਂਦਾ ਹੈ। ਜਦੋਂ ਵੀ ਹਿੰਦੁਸਤਾਨ ਉੱਤੇ ਹਮਲਾ ਹੋਇਆ, ਹਮੇਸ਼ਾ ਵੈਰੀ ਦੀ ਪਹਿਲੀ ਮਾਰ ਪੰਜਾਬੀਆਂ ਨੂੰ ਝੱਲਣੀ ਪਈ।

ਅੱਜ ਸਾਡੇ ਗੁਆਂਢ ਐਟਮ ਬੰਬ ਤਿਆਰ ਹਨ। ਉਹ ਗਹਿਣਾ ਵੀ ਪੰਜਾਬੀਆਂ ਦਾ ਸ਼ਿੰਗਾਰ ਹੀ ਕਿਸੇ ਦਿਨ ਬਣਨਾ ਹੈ। ਇਸ ਲਈ ਜ਼ਰੂਰੀ ਹੈ ਕਿ ਸਾਡੇ ਪ੍ਰਧਾਨ ਮੰਤਰੀ ਸਾਹਿਬ ਪੰਜਾਬ ਦੇ ਲੋਕਾਂ ਨੂੰ ਪੰਡਤ ਨਹਿਰੂ ਵਾਲੇ ਪਿਆਰ ਨਾਲ ਆਪਣੇ ਨਾਲ ਲੈਣ, ਬਦਲੇ ਦੀ ਭਾਵਨਾ ਨਾਲ ਨਹੀਂ।

ਮੈਂ ਵੀਅਤਨਾਮ ਦੇਸ਼ ਵਿਚ ਇਕ 'ਅਮਨ ਕਮਿਸ਼ਨ' ਦਾ ਚੇਅਰਮੈਨ ਸੀ। ਇਕ ਮੈਂਬਰ ਕਮਿਊਨਿਸਟ ਪੋਲੈਂਡ ਤੋਂ, ਦੂਸਰਾ ਮੈਂਬਰ ਕੈਨੇਡਾ ਤੋਂ ਅਮਰੀਕਾ ਦੇ ਪੱਖ ਦਾ ਸੀ। ਵੀਅਤਨਾਮ ਵਿਚ ਅਮਰੀਕਾ ਦੀ ਅਮਰੀਕਨ ਫੌਜ, ਵਧੀਆ ਜਰਨੈਲ, ਹਥਿਆਰ, ਹਵਾਈ ਜਹਾਜ਼ ਤੇ ਪੈਰ ਪੈਰ ਤੇ ਹੈਲੀਕਾਪਟਰ ਮੌਜੂਦ ਸਨ। ਅਮਰੀਕਾ ਦੀ ਉਥੇ ਬੜੀ ਤਾਕਤ ਸੀ, ਪਰ ਕਿਉਂਕਿ ਹਰ ਵੀਅਤਨਾਮੀ ਅਮਰੀਕਨਾਂ ਦੇ ਦਿਲੋਂ ਉਲਟ ਸੀ। ਅਮਰੀਕਾ ਵਰਗੀ ਵੱਡੀ ਤਾਕਤ ਨੂੰ ਵੀਅਤਨਾਮ ਵਿਚੋਂ ਹਾਰ ਖਾ ਕੇ ਭੱਜਣਾ ਪਿਆ।

ਪੰਜਾਬ ਵਿਚ ਅਮਨ ਕਰਨ ਲਈ ਸਿੱਖਾਂ ਦਾ ਸਹਿਯੋਗ ਲੈਣਾ ਚਾਹੀਦਾ ਹੈ। ਉਹਨਾਂ ਨੂੰ ਡਰਾਉਣ ਨਾਲ ਸਹਿਯੋਗ ਨਹੀਂ ਮਿਲ ਸਕਦਾ। ਹਰ ਥਾਂ ਹਿੰਦੂਆਂ ਦਾ ਮਾਰੇ ਜਾਣਾ ਸਿੱਖਾਂ ਦੇ ਨਾਮ ਹੀ ਨਹੀਂ ਥਪਣਾ ਚਾਹੀਦਾ। ਕੀ ਕਾਰਨ ਹੈ ਕਿ ਐਸੇ ਸਾਰੇ ਹਾਦਸੇ ਸਰਹੱਦ ਨਾਲ ਹੀ ਹੋਏ ਹਨ। ਪਟਿਆਲਾ, ਚੰਡੀਗੜ੍ਹ ਨੇੜੇ ਕਿਉਂ ਨਹੀਂ ਹੋਏ? ਬਹੁਤ ਸਿੱਖ-ਯੂਥ ਪਾਕ ਨੂੰ ਦੌੜ ਗਿਆ ਹੈ, ਪਰ ਉਹ ਖੁਸ਼ੀ ਖੁਸ਼ੀ ਉਧਰ ਨਹੀਂ ਗਏ। ਨਾਂ ਹੀ ਉਹ ਪਾਕਿ ਵਿਚ 'ਖ਼ਾਲਿਸਤਾਨ' ਲੈਣ ਗਏ ਸਨ। ਜਦੋਂ ਸੀ. ਆਰ. ਪੀ. ਨੇ ਹਰ ਜੁਆਨ ਸਿੱਖ ਮੁੰਡੇ ਨੂੰ ਅੱਤਵਾਦੀ ਦਾ ਦਰਜਾ ਦੇ ਕੇ ਝੂਠੇ ਮੁਕਾਬਲਿਆਂ ਵਿਚ ਮਾਰਨਾ ਸ਼ੁਰੂ ਕਰ ਦਿੱਤਾ ਤਾਂ ਹਰ ਜੁਆਨ ਪੁਤ ਦੀ ਮਾਂ ਨੇ ਕਿਹਾ, 'ਪੁਤਰ, ਜਾ ਪਾਕਿ ਵਿਚ ਜਾ ਲੁਕ, ਇਥੇ ਸੀ. ਆਰ. ਪੀ. ਨੇ ਛੱਡਣਾ ਨਹੀਂ। ਉਥੇ ਜੀਊਂਦਾ ਤਾਂ ਰਹੇਂਗਾ।' ਸਿੱਖਾਂ ਦੀ ਇਸ ਮਜਬੂਰੀ ਨੂੰ ਸਾਡੀ ਗੌਰਮਿੰਟ ਅਤੇ ਹਿੰਦੂ ਲੀਡਰਾਂ ਨੇ ਪੁਲੀਟੀਕਲ ਮੋੜ ਦੇ ਦਿੱਤਾ। ਜੇ ਮਾਝੇ ਦੇ



www.AKJ.Org

ਮੰਤਰੀਆਂ ਮੇਜਰ ਸਿੰਘ ਨੇ ਹਿੰਮਤ ਕਰਕੇ ਸੱਚੀ ਗੱਲ ਕਹਿ ਦਿੱਤੀ ਤਾਂ ਉਹਨਾਂ ਨੂੰ ਦਿੱਲੀ ਗੌਰਮਿੰਟ ਨੇ ਅੱਤਵਾਦੀ ਮੰਤਰੀ ਕਹਿ ਦਿੱਤਾ। ਜਦੋਂ ਅੱਜ ਸਿੱਖਾਂ ਨੂੰ ਨਿਹੱਕ ਮਾਰਿਆ ਜਾਵੇਗਾ ਤਾਂ ਉਹ ਪਾਕਿ ਨੂੰ ਨਹੀਂ ਦੌੜਨਗੇ ਤਾਂ ਦਿੱਲੀ ਨੂੰ ਥੋੜਾ ਦੌੜਨਗੇ ? ਪ੍ਰਧਾਨ ਮੰਤਰੀ ਨੂੰ ਇਸ ਮਜਬੂਰੀ ਨੂੰ ਸਮਝਣ ਦੀ ਲੋੜ ਹੈ।

ਮੈਂ ਕਸੌਲੀ ਪਹਾੜ ਉੱਤੇ ਰਹਿੰਦਾ ਹਾਂ, ਪਰ ਮੇਰਾ ਮਨ ਹਰ ਵਕਤ ਆਪਣੇ ਹਿੰਦੂ ਯਾਰਾਂ ਵਿਚ ਰਹਿੰਦਾ ਹੈ, ਜੋ ਮੇਰੇ ਸਕੂਲ ਕਾਲਜ ਵਿਚ ਡੈਸਕ-ਫੈਲੋ ਸਨ—ਕਿਰਪਾ ਰਾਮ ਕੰਗ, ਪਿਆਰੇ ਲਾਲ ਝਬਾਲ, ਰੌਸ਼ਨ ਲਾਲ ਗੁਪਤਾ ਤੇ ਹਰਬੰਸ ਲਾਲ ਤਰਨਤਾਰਨ। ਮੈਂ ਕਿੰਨੇ ਕੁ ਨਾਮ ਲਿਖਾਂ ? ਅਸਲ ਵਿਚ ਝਗੜਾ ਅਕਾਲੀ ਦਲ ਤੇ ਸੈਂਟਰਲ ਗੌਰਮਿੰਟ ਵਿਚ ਸੀ, ਪਰ ਰੇਡੀਓ, ਟੀ ਵੀ ਤੇ ਪ੍ਰੈੱਸ ਦੇ ਜ਼ੋਰ ਉੱਤੇ ਗੌਰਮਿੰਟ ਨੇ ਇਸ ਪੁਲੀਟੀਕਲ ਝਗੜੇ ਨੂੰ 'ਹਿੰਦੂ ਸਿਖ' ਝਗੜੇ ਵਿਚ ਬਦਲ ਦਿੱਤਾ। ਇਸ ਨਾਲ ਹਿੰਦੂ ਸਿੱਖ ਅਤੇ ਦੇਸ਼ ਸਭ ਦਾ ਨੁਕਸਾਨ ਹੋ ਗਿਆ। ਸਾਨੂੰ ਅਜੇ ਵੀ ਸੰਭਲਣਾ ਚਾਹੀਦਾ ਹੈ।

ਇਸ ਗ਼ਲਤ ਮੋੜ ਨੂੰ ਸੋਧ ਦੇਣ ਦੀ ਜ਼ਿਮੇਵਾਰੀ ਸ: ਬਰਨਾਲਾ ਤੇ ਖ਼ਾਸ ਕਰ ਸ: ਬਲਵੰਤ ਸਿੰਘ ਉੱਤੇ ਹੈ, ਕਿਉਂਕਿ ਉਹਨਾਂ ਦੀ ਅੱਜ ਪ੍ਰਧਾਨ ਮੰਤਰੀ ਪਾਸ ਪਹੁੰਚ ਹੈ। ਪ੍ਰਧਾਨ ਮੰਤਰੀ ਇਨ੍ਹਾਂ ਅਤੇ ਜ: ਰਛਪਾਲ ਸਿੰਘ ਤੋਂ ਬਗੈਰ ਹੋਰ ਕਿਸੇ ਸਿੱਖ ਨੂੰ ਸਿੱਖ ਸਮਝਦੇ ਹੀ ਨਹੀਂ ਅਤੇ ਮਿਲਦੇ ਨਹੀਂ। ਹੁਣ ਫਿਰ ਹਰ ਸਿੱਖ ਦੇ ਅੱਤਵਾਦੀ ਹੋਣ ਦੇ ਗ਼ਲਤ ਪ੍ਰਭਾਵ ਨੂੰ ਹੋਰ ਕੌਣ ਠੀਕ ਕਰੇ ? ੮੫ ਫ਼ੀ ਸਦੀ ਸਿੱਖ ਪੰਜਾਬ ਵਿਚ ਪਿੰਡਾਂ ਵਿਚ ਵੱਸਦੇ ਹਨ, ਪਰ ਉਹ ਤਾਂ ਹੁਣ ਅੱਤਵਾਦੀ ਸਮਝੇ ਜਾਂਦੇ ਹਨ। ਗਿਆਨੀ ਜੀ ਤੇ ਜ: ਰਛਪਾਲ ਸਿੰਘ ਦਾ ਫ਼ਰਜ਼ ਹੈ ਕਿ ਉਹ ਮਿਲ ਕੇ, ਪ੍ਰਧਾਨ ਮੰਤਰੀ ਦੇ ਸ਼ੱਕ ਦੂਰ ਕਰ ਕੇ ਪ੍ਰਧਾਨ ਮੰਤਰੀ ਤੇ ਸਿੱਖਾਂ ਨੂੰ ਇਕ ਦੂਸਰੇ ਦੇ ਨੇੜੇ ਲਿਆਉਣ। ਪੰਜਾਬ ਵਿਚ ਅਮਨ ਕਰਨਾ ਹੈ ਤਾਂ ਉਹਨਾਂ ੮੫ ਫ਼ੀ ਸਦੀ ਸਿੱਖਾਂ ਦੀ ਗੱਲ ਸੁਣਨੀ ਪਵੇਗੀ। ਅੱਜ ਪੰਜਾਬ ਜਾਂ ਸੈਂਟਰ ਦਾ ਕੋਈ ਐਸਾ ਸਿੱਖ ਮਨਿਸਟਰ ਨਹੀਂ ਹੈ ਜੋ ਬਗੈਰ ਪੁਲਸ ਦੇ ਆਪਣੇ ਹੀ ਪਿੰਡ ਚੰਡੀਗੜ੍ਹ ਤੋਂ ਪਹੁੰਚ ਸਕੇ।

ਪਰ ਦਿੱਲੀ ਦੇ ਉਹ ਹਿੰਦੂ ਵੀਰ, ਜਿਹਨਾਂ ਸਿੱਖਾਂ ਦੇ ਨਿਹੱਕ ਕਤਲੇਆਮ ਉੱਤੇ ਸਚਾਈ ਦੇ ਪਰਚੇ ਛਾਪੇ, ਉਹ ਸਾਰੇ ਬਗੈਰ ਪਿਸਤੌਲ ਤੇ ਪੁਲਸ ਦੇ ਪੰਜਾਬ ਵਿਚ ਹਰ ਪਿੰਡ ਹਰ ਘਰ ਵਿਚ ਨਿਧੱੜਕ ਹੋ ਕੇ ਜਾ ਸਕਦੇ ਹਨ। ਅੱਜ ਰਾਮ ਜੇਠਮਲਾਨੀ ਜੋ ਹਿੰਦੂ ਹੈ, ਪੰਜਾਬ ਵਿਚ ਕਿਤੇ ਵੀ ਇਕੱਲਾ ਫਿਰ ਸਕਦਾ ਹੈ। ਕੁਲਦੀਪ ਨਈਅਰ ਨੂੰ ਹਰ ਸਿੱਖ ਘਰ ਵਿਚ ਜੀ ਆਇਆਂ ਕਿਹਾ ਜਾਵੇਗਾ, ਕਿਉਂਕਿ ਇਹਨਾਂ ਸਾਰਿਆਂ ਗਾਹੇ-ਬਗਾਹੇ ਸਿੱਖਾਂ ਵਾਸਤੇ ਨਵਾਬ ਮਲੇਰ ਕੋਟਲੇ ਵਾਂਗੂ 'ਆਹ' ਮਾਰੀ ! ਅੱਜ ਜੇ ਕੋਈ ਸਿੱਖਾਂ ਨੂੰ ਮਸ਼ਵਰਾ ਦੇ ਸਕਦਾ ਹੈ ਤਾਂ ਉਹ ਐਸੇ 'ਹਿੰਦੂ' ਵੀਰ ਹੀ ਹਨ, ਸਿੱਖ ਨਹੀਂ। ਜੇ ਮੇਰਾ ਯਕੀਨ ਨਹੀਂ ਤਾਂ ਜਥੇਦਾਰ ਰਛਪਾਲ ਸਿੰਘ, ਜਰਨਲ ਅਰੋੜਾ ਜਾਂ ਸੈਂਟਰ ਦੇ ਕਿਸੇ ਵੀ ਸਿੱਖ ਮਨਿਸਟਰ ਨੂੰ ਬਗੈਰ ਪੁਲਸ ਦੇ ਪੰਜਾਬ ਭੇਜ ਕੇ ਦੇਖ ਲਵੋ। ਜਿਹੜੀ ਕੌਮ ਅੱਜ ਵੀ ਇਤਨੀ ਤਬਾਹੀ ਹਿੰਦੂਆਂ ਤੋਂ ਕਰਵਾ ਕੇ ਫੇਰ ਵੀ ਹਿੰਦੂਆਂ ਦੇ ਇਤਨਾ ਅਸਰ ਥਲੇ ਹੋਵੇ, ਉਸ ਨੂੰ ਦੇਸ਼-ਧਰੋਹੀ ਫ਼ਿਰਕੂ ਬਣਾਈ ਜਾਣਾ ਬੇਇਨਸਾਫੀ ਹੈ। ਮੇਰੇ ਹਿੰਦੂ ਭਰਾਵਾਂ ਨੂੰ ਤੇ ਪ੍ਰਧਾਨ ਮੰਤਰੀ ਨੂੰ ਸੋਚ ਕਰਨ ਦੀ ਲੋੜ ਹੈ ਕਿ ਕਿਤੇ ਉਹਨਾਂ ਦੀ ਜਜਮੈਂਟ ਗ਼ਲਤ ਤੇ ਨਹੀਂ। ਕਿਤੇ ਕੋਈ ਉਹਨਾਂ ਨੂੰ ਆਪਣੇ ਮਤਲਬ ਲਈ ਗਲਤ ਰਾਇ ਤੇ ਨਹੀਂ ਦਈ ਜਾ ਰਿਹਾ।

੧੯੨੪ ਵਿਚ ਅੱਜ ਵਾਂਗੂ ਹੀ ਸਿੱਖਾਂ ਦੀ ਟੱਕਰ ਦਿੱਲੀ ਦੀ ਅੰਗਰੇਜ਼ ਗੌਰਮਿੰਟ ਨਾਲ ਹੋ ਗਈ ਸੀ। ਅੰਗਰੇਜ਼ ਨੇ ਤਾਕਤ ਵਰਤਣ ਦੀ ਬਜਾਏ ਸਬਰ ਤੇ ਢੰਗ ਤੋਂ ਕੰਮ ਲਿਆ। ਉਹਨਾਂ ਫ਼ੀਲਡ ਮਾਰਸ਼ਲ ਸਰ ਵਾਰਡ ਵੂਡ ਨੂੰ ਸਿੱਖਾਂ ਪਾਸ ਪੰਜਾਬ ਭੇਜਿਆ। ਲੜਾਈ ਵਿਚ ਉਹ ਸਿੱਖਾਂ ਦਾ ਜਰਨੈਲ ਰਿਹਾ ਸੀ। ਤਰਨਤਾਰਨ ਪੜਾ ਵਿਚ ਜਲਸਾ ਹੋਇਆ ਅਤੇ ਮੈਂ ਵੀ ਬੱਚਾ ਹੋਣ ਕਰਕੇ ਪਿਤਾ ਜੀ ਦੇ ਨਾਲ ਚਲਾ ਗਿਆ। ਵਾਰਡ ਵੂਡ ਨੇ ਕਿਹਾ, ਐ ਪੰਜਾਬ ਦੇ ਸਿਖੋ ਤੇ ਸਾਬਕਾ ਫੌਜੀਓ, ਤੁਸੀਂ ਝਗੜਾ ਨਾ ਕਰੋ ਅਤੇ ਬਾਦਸ਼ਾਹ ਦੇ ਵਫਾਦਾਰ ਬਣ ਕੇ ਰਹੋ ਤੇ ਸਿੱਖ ਮੋਹਚਾ ਬੰਦ ਕਰ ਦਿਉ। ਇਤਨੇ ਨੂੰ ਰਸਾਲਦਾਰ ਪੈਨਸ਼ਨਰ ਸ: ਖੁਸ਼ਹਾਲ ਸਿੰਘ ਪਿੰਡ ਰਸੂਲਪੁਰ ਉਠ ਖੜੇ ਹੋਏ ਤੇ ਜ਼ੋਰ ਦੀ ਬੋਲੇ, 'ਹਜ਼ੂਰ, ਅਸੀਂ ਬਾਦਸ਼ਾਹ ਸਲਾਮਤ ਲਈ ਵਿਦੇਸ਼ਾਂ ਵਿਚ ਜਾ ਕੇ ਲੜੇ, ਅਸੀਂ ਆਪਣੇ ਪਰਿਵਾਰਾਂ ਨੂੰ ਘਰੀਂ ਛੱਡ ਕੇ ਅਫਗਾਨਾਂ ਨਾਲ ਟੱਕਰ ਲਈ, ਅਸੀਂ ਆਪਣੇ ਆਪ ਨੂੰ ਆਪਣੇ ਭਰਾਵਾਂ ਪਾਸੋਂ ਫੋਡੀ ਵੀ ਅਖਵਾਇਆ,



www.AKJ.Org

ਪਰ ਅੰਗਰੇਜ਼ ਦਾ ਸਾਥ ਨਾ ਛੱਡਿਆ। ਅੱਜ ਅੰਗਰੇਜ਼ ਹੀ ਸਾਡੇ ਗੁਰਦੁਆਰੇ ਸਾਥੋਂ ਖੋਹਣ ਲੱਗ ਪਿਆ ਹੈ। ਅਸੀਂ ਇਹ ਸਹਿਣ ਨਹੀਂ ਕਰ ਸਕਦੇ। ਅਸੀਂ ਹੁਣ ਆਪਣੇ ਭਰਾਵਾਂ ਨਾਲ ਹਾਂ। ਆਪ ਨਾਲ ਨਹੀਂ।' ਪੁਲਸ ਦੌੜ ਕੇ ਸਰਦਾਰ ਨੂੰ ਫੜਨ ਲੱਗੀ ਤਾਂ ਵਾਰਡ ਵੂਡ ਨੇ ਰੋਕ ਦਿੱਤਾ ਤੇ ਜੁਆਬ ਵਿਚ ਕਿਹਾ, 'ਰਸਾਲਦਾਰ ਖੁਸ਼ਹਾਲ ਸਿੰਘ ਜੋ ਬੋਲਾ ਠੀਕ ਬੋਲਾ। ਅੰਗਰੇਜ਼ ਕੋ ਕਿਸੀ ਕੇ ਧਰਮ ਮੇਂ ਦਖ਼ਲ ਨਹੀਂ ਦੇਨਾ ਚਾਹੀਏ। ਹਮ ਵਾਇਸਰਾਏ ਬਹਾਦਰ ਕੋ ਯਿਹੀ ਮਸ਼ਵਰਾ ਦੇਗਾ। ਸਰਦਾਰ ਸਾਹਿਬ ਕੋ, ਮੇਰੇ ਜਾਨੇ ਕੇ ਬਾਦ ਪੁਲਸ ਨਹੀਂ ਪਕੜਨਾ ਹੈ।' ਅੱਜ ਤੱਕ ਸਾਨੂੰ ਗੁਰਦੁਆਰਿਆਂ ਦੀ ਅਜ਼ਾਦੀ ਇਸ ਫੌਜੀ ਸਰਦਾਰ ਤੇ ਵਾਰਡ ਵੂਡ ਵਰਗੇ ਦੂਰਅੰਦੇਸ਼ਾਂ ਦੀ ਮੇਹਰ ਦਾ ਸਦਕਾ ਸੀ।

ਅੱਜ ਦੀ ਗੁਰਦੁਆਰਾ ਲੀਡਰਸ਼ਿਪ ਇਸ ਨੂੰ ਸੰਭਾਲ ਨਾ ਸਕੀ। ਅੱਜ ਵੀ ਪੰਜਾਬ ਵਿਚ ਅਮਨ ਹੋ ਸਕਦਾ ਹੈ ਜੇ ਪ੍ਰਧਾਨ ਮੰਤਰੀ ਉਪਰਲੇ ਦਿੱਲੀ ਦੇ ਹਿੰਦੂ ਵੀਰਾਂ ਨੂੰ ਪੰਜਾਬ ਭੇਜੇ। ਜੋ ਬੰਗਾਲ ਦੇ ਮੁਖ ਮੰਤਰੀ, ਜਿਹਨੇ ਸਿੱਖਾਂ ਦੀ ਅੱਗੇ ਵੱਧ ਕੇ ਮਦਦ ਕਲਕੱਤੇ ਵਿਚ ਕੀਤੀ। ਮੈਂ ਵੀ ਨਾਲ ਸੇਵਾ ਕਰਨ ਨੂੰ ਤਿਆਰ ਹਾਂ। ਪੰਜਾਬ ਬਾਬਤ ਵਾਰਡ ਵੂਡ ਵਾਂਗ ਨੀਤੀ ਦੀ ਲੋੜ ਹੈ। ਜਿੰਨਾ ਚਿਰ 'ਸਿੱਖਾਂ ਨੂੰ ਸਬਕ ਸਿਖਾਉਣ' ਦੀ ਨੀਤੀ ਗੌਰਮਿੰਟ ਬਦਲਦੀ ਨਹੀਂ, ਅਮਨ ਹੋ ਹੀ ਨਹੀਂ ਸਕਦਾ। **ਹੁਣ ਸਵਾਲ ਪਾਣੀਆਂ ਤੇ ਚੰਡੀਗੜ੍ਹ ਦੀਆਂ ਇਟਾਂ ਦੇ ਢੇਰ ਦਾ ਨਹੀਂ ਰਹਿ ਗਿਆ। ਹੁਣ ਸਵਾਲ ਹੈ ਸਿਖੀ ਸ਼ਾਨ ਨੂੰ ਮੁੜ ਬਹਾਲ ਕਰਨ ਦਾ।** ਇਸ ਕੰਮ ਲਈ ਗੋਲੀਆਂ ਮਾਰਨ ਦੀ ਬਜਾਏ ਗੋਲੀਆਂ ਖਾਣ ਦੀ ਹਿੰਮਤ ਚਾਹੀਦੀ ਹੈ ਅਤੇ ਉਹ ਵੀ ਪੂਰਨ ਸ਼ਾਂਤਮਈ ਨਾਲ। ਸਿੰਘਾਂ ਦੀ ਫਤਹ ਫੇਰ ਹੋਵੇਗੀ।

—ਅਜੀਤ, ੭-੮-੯੬

---


## ਭਾ: ਸਾਹਿਬ ਭਾ: ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਸੰਤ ਖਦ ਨਿਰਣਯ | ੬-੫੦ | ਰੰਗਲੇ ਸਜਣ ੭-੦੦ ਅਣਡਿਠੀ ਦੁਨੀਆ | ੧੦-੦੦ |
| ਗੁਰਮਤਿ ਬਿਬੇਕ ੭-੫੦ ਜੇਲ੍ਹ ਚਿਠੀਆਂ | ੧੫-੦੦ | ਸਚਖੰਡ ਦਰਸ਼ਨ ੧-੭੫ ਦਰਸ਼ਨ ਝਲਕਾਂ | ੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੦੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਅਨਹਦ ਸ਼ਬਦ ਦਸਮ ਦੁਆਰ | ੬-੫੦ | ਵਾਹਿਗੁਰੂ ਸਿਮਰਨ | ੦-੫੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ? | ੩-੭੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਉਮਰ ਕੈਦੀ ਦਾ ਸੁਪਨਾ | ੦-੭੫ |
| ਆਸਤਕ ਤੇ ਨਾਸਤਕ | ੦-੩੫ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੬੦ |
| ਤਿਮਰ ਅਗਿਆਨ ਤੋਂ ਉਜਿਆਰਾ | ੦-੩੦ | ਸਿੱਖੀ ਸਿਦਕ ਤੇ ਧਰਮ ਰੱਖਿਆ | ੦-੬੦ |
| ਸਿੰਘਾਂ ਦਾ ਪੰਥ ਨਿਰਾਲਾ | ੧-੦੦ | ਬਾਬਾ ਵੈਦ ਰੋਗੀਆਂ ਦਾ | ੦-੬੦ |
| ਅੰਮ੍ਰਿਤ ਕਲਾ | ੧-੦੦ | ਸੱਚੀਆਂ ਦਾੜ੍ਹੀਆਂ ੦-੪੦ ਸਿਖ ਕੌਣ ਹੈ? | ੦-੪੦ |
| ਵਿਰਲਾ ਗੁਰਮਤਿ ਚਲੈ ਜੀਉ | ੦-੫੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੮੦ |

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ (ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੦-੯੦ |

ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ ੧-੦੦

ਸਿਖ ਇਕ ਵੱਖਰੀ ਕੌਮ (ਪੁਸਤਕ ਰੂਪ ਵਿਚ, ਜਿਸ ਵਿਚ ੧੬ ਖੋਜ-ਭਰੇ ਲੇਖ ਸ਼ਾਮਲ ਹਨ) ੬-੦੦

ਰਾਗਮਾਲਾ ਬਾਰੇ ਵਿਚਾਰ (ਪੰਥ ਦੇ ਉਘੇ ੬ ਵਿਦਵਾਨਾਂ ਦੇ ਖੋਜ-ਪੂਰਤ ਲੇਖ ੧-੦੦





www.AKJ.Org

# ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਜੀ (੪)

[ਕੈਪਟਿਨ ਸਵਰਨ ਸਿੰਘ ਜੀ]

[ਲੜੀ ਜੋੜਨ ਲਈ ਵੇਖੋ 'ਸੂਰਾ' ਮਈ ੧੯੯੬]

ਅਜੇ ਦਿਨ ਨਹੀਂ ਸੀ ਅਸਤਿਆ ਜਦ ਪੁਲਸ ਦਾ ਦਸਤਾ ਭਾਈ ਤਾਰੂ ਸਿੰਘ ਨੂੰ ਲੈ ਕੇ ਪਿੰਡ ਪਢਾਣੇ* ਪਹੁੰਚ ਕੇ ਰਾਤ-ਕਟੀ ਲਈ ਪਿੰਡ ਦੀ ਸਥ ਵਿਚ ਆਣ ਉਤਰਿਆ ਤੇ ਚੋਧਰੀ ਨੂੰ ਬੁਲਾ ਕੇ ਘੋੜਿਆਂ ਦੇ ਦਾਣੇ ਪੱਠੇ ਤੇ ਪੁਲਸ ਦੀਆਂ ਰੋਟੀਆਂ ਦਾ ਹੁਕਮ ਦਿਤਾ। ਪਿੰਡ ਵਿਚ ਪਲੋ ਪਲੀ ਜੰਗਲ ਦੀ ਅੱਗ ਵਾਂਗ ਇਹ ਖ਼ਬਰ ਫੈਲ ਗਈ ਕਿ ਇਹ ਪੁਲਸ ਦਸ਼ਤਾ ਖ਼ਾਨ ਬਹਾਦਰ ਨਾਜ਼ਿਮ ਲਾਹੌਰ ਦੇ ਹੁਕਮ ਤਹਿਤ ਭਾਈ ਤਾਰੂ ਸਿੰਘ ਪੂਹਲਿਆਂ ਵਾਲੇ ਨੂੰ ਫੜ ਕੇ ਲਾਹੌਰ ਲਈ ਜਾ ਰਿਹਾ ਹੈ। ਭਾਈ ਤਾਰੂ ਸਿੰਘ ਦੀ ਪ੍ਰਭਤਾ ਤੇ ਨਾਮ ਦੂਰ ਦੂਰ ਤਕ ਫੈਲਿਆ ਹੋਇਆ ਸੀ। ਸਾਰੇ ਜਾਣਦੇ ਸਨ ਕਿ ਇਹ ਹਰ ਇਕ ਦਾ ਸਹਾਈ ਹੈ ਤੇ ਬਿਨਾਂ ਕਿਸੇ ਭਿੰਨ-ਭੇਤ ਦੇ ਆਏ ਗਏ ਦੀ ਸੇਵਾ ਆਦਰ ਕਰਨ ਵਾਲਾ ਸਾਧੂ ਸੁਭਾਅ ਗੁਰਮੁਖ ਸਿੰਘ ਹੈ। ਭਾਵੇਂ ਚੁਗਲਾਂ ਤੇ ਮੁਖਬਰਾਂ ਨੇ ਇਲਾਕੇ ਵਿਚ ਬਹੁਤ ਹੀ ਵਧੀਕੀਆਂ ਤੇ ਪਾਪ ਕੀਤੇ ਸਨ, ਪਰ ਅੱਜ ਤਕ ਕਿਸੇ ਨੇ ਇਸ ਵਲ ਕਿਸੇ ਅਪ੍ਰਾਧ ਦੇ ਦੋਸ਼ ਵਜੋਂ ਉਂਗਲੀ ਨਹੀਂ ਸੀ ਉਠਾਈ। ਅੱਜ ਕਿਉਂ ਏਕਾ ਏਕ ਇਸ ਦਰਵੇਸ਼ ਨੂੰ ਫੜ ਕੇ ਲਈ ਜਾਂਦੇ ਹਨ। ਕੁਝ ਆਦਮੀਆਂ ਜਾ ਕੇ ਭਾਈ ਸਾਹਿਬ ਦੀਆਂ ਮੁਸ਼ਕਾਂ ਕਸੀਆਂ ਹੋਈਆਂ ਅੱਖੀਂ ਵੇਖੀਆਂ। ਉਹ ਭਾਵੇਂ ਬੈਠਾ ਮੰਜੇ ਤੇ ਸੀ, ਪਰ ਬਣਾਇਆ ਬੰਦੀ ਸੀ। ਤਸੱਲੀ ਹੋ ਗਈ ਕਿ ਗੱਲ ਠੀਕ ਹੈ।

ਸਾਰਿਆਂ ਨੂੰ ਇਸ ਗੱਲ ਦਾ ਗਿਆਨ ਸੀ ਕਿ ਲਾਹੌਰੋਂ ਸਿੰਘ ਜੀਉਂਦਾ ਨਹੀਂ ਮੁੜਨਾ। ਇਹ ਬੇਦੋਸ਼ਾ ਸਿੰਘ, ਜੋ ਇਕ ਧਰਮਾਤਮਾ ਸਰੂਪ ਹੈ ਤੇ ਜਿਸ ਨੇ ਅਜੇ ਤਕ ਕਿਸੇ ਦਾ ਦਿਲ ਨਹੀਂ ਦੁਖਾਇਆ, ਇੰਜ ਅਜਾਈਂ ਮਾਰਿਆ ਜਾਣਾ ਬੜੀ ਮਾੜੀ ਗੱਲ ਹੈ। ਪੁਲਸ ਵਾਲਿਆਂ ਪੋਲੇ ਪੈਰੀਂ ਤਾਂ ਛਡਣਾ ਨਹੀਂ, ਪਰ ਜਿਵੇਂ ਕਿਵੇਂ ਵੀ ਹੋ ਸਕੇ, ਭਾਈ ਸਾਹਿਬ ਨੂੰ ਛੁਡਾ ਲਿਆ ਜਾਵੇ। ਛੁਡਾਉਣ ਦਾ ਇਕੋ ਰਾਹ ਸੀ ਕਿ ਉਨ੍ਹਾਂ ਨੂੰ ਪੁਲਸ ਤੋਂ ਜ਼ਬਰਦਸਤੀ ਖੋਹ ਲਿਆ ਜਾਵੇ। ਕੁਝ ਮਨਚਲੇ ਗਭਰੂਆਂ ਕਿਹਾ ਕਿ ਸੁੱਕਾ-ਪੁੱਕਾ ਛੁਡਾ ਲੈਣ ਦਾ ਕੀ ਮਤਲਬ ਹੈ, ਪੁਲਸ ਨੂੰ ਵੀ ਰੱਜ ਕੇ ਕੁੱਟਿਆ ਜਾਵੇ। ਜੋ ਕੁਝ ਬਿਪਤਾ ਪਵੇਗੀ, ਸਿਰਾਂ ਤੇ ਝਲ ਲਵਾਂਗੇ। ਪਰ ਪੁਲਸ ਵੀ ਤਾਂ ਯਾਦ ਰਖੂ ਕਿ ਗਏ ਸਾਂ ਕਿਸੇ ਬੇਦੋਸ਼ੇ ਨੂੰ ਫੜਨ। ਇਹ ਮਤਾ ਪਕਾ ਕੇ ਗਭਰੂ ਸੋਟੇ ਸੇਲੇ ਤੇ ਤਾਂਬਲ, ਜੋ ਹਥ ਵਿਚ ਆਇਆ ਲੈ ਕੇ, ਛੇਵੀਂ ਪਾਤਸ਼ਾਹੀ ਦੇ ਗੁਰਦਵਾਰਾ ਸਾਹਿਬ ਵਿਖੇ ਇਕੱਠੇ ਹੋ ਗਏ। ਕੁਝ ਬਜ਼ੁਰਗ ਸਿੰਘ ਵੀ ਇਥੇ ਆਣ ਪਹੁੰਚੇ ਸਨ। ਸਾਰਿਆਂ ਦਾ ਜੋਸ਼ ਡੁਲ੍ਹ ਡੁਲ੍ਹ ਪੈਂਦਾ ਸੀ। ਇੰਜ ਜਾਪਦਾ ਸੀ ਕਿ ਇਹ ਹੁਣ ਵੀ ਪੁਲਸ ਦੇ ਗਲ ਪਏ ਕਿ ਪਏ। ਪਰ ਇਕ ਵਡੇਰੀ ਉਮਰ ਦੇ ਸਿੰਘ ਨੇ ਬੜੇ ਗੰਭੀਰ ਆਵਾਜ਼ੇ ਵਿਚ ਕਿਹਾ, "ਸੂਰਮਿਓ, ਜ਼ਰਾ ਕੁ ਜੇਰਾ ਕਰੋ। ਜੋ ਕੁਝ ਤੁਸਾਂ ਮਤਾ ਪਕਾਇਆ ਹੈ ਤੇ ਜੋ ਕਰਨਾ ਚਾਹੁੰਦੇ ਹੋ, ਤੁਹਾਨੂੰ ਇਹੋ ਹੀ ਸ਼ੋਭਦਾ ਹੈ। ਮੇਰੀ ਅਰਜੋਈ ਮੰਨੋ ਤਾਂ ਇਕ ਵਾਰ ਭਾਈ ਜੀ ਦੇ ਮਨ ਦੀ ਵੀ ਪੁਛ ਲੈਣੀ ਚਾਹੀਦੀ ਹੈ ਕਿ ਇਸ ਮਤੇ ਬਾਰੇ ਉਨ੍ਹਾਂ ਦਾ ਕੀ ਇਰਾਦਾ ਹੈ। ਉਹ ਧਰਮੀ ਤੇ ਬੰਦਗੀ ਵਾਲੇ ਸਿੰਘ ਹਨ। ਮੌਤ ਦਾ ਉਨ੍ਹਾਂ ਨੂੰ ਕੋਈ ਡਰ ਨਹੀਂ। ਮੈਂ ਕਈ ਵਾਰ ਉਨ੍ਹਾਂ ਦੇ ਪੂਹਲੀਂ ਦਰਸ਼ਨ ਕੀਤੇ ਹਨ ਤੇ ਉਨ੍ਹਾਂ ਪਾਸ ਰਾਤਾਂ ਵੀ ਕੱਟੀਆਂ ਹਨ। ਆਪਾਂ ਜੇ ਉਨ੍ਹਾਂ ਦੀ ਇੱਛਾ ਤੋਂ ਬਿਨਾਂ ਉਨ੍ਹਾਂ ਨੂੰ ਛੁਡਾ ਲਈਏ ਤਾਂ ਹਕੂਮਤ ਨੇ ਤਾਂ ਖ਼ੈਰ ਨਹੀਂ ਗੁਜ਼ਾਰਨੀ। ਸਾਡੇ ਬਚਾਅ ਲਈ ਉਹ ਕਲ੍ਹ ਤਾਈਂ ਆਪ ਹੀ ਲਾਹੌਰ ਜਾ ਪੇਸ਼ ਹੋਣ।

* ਪਢਾਣਾ ਹੁਣ ਪਾਕਿਸਤਾਨ ਵਿਚ ਤੇ ਭਾਰਤ-ਪਾਕਿਸਤਾਨ ਦੀ ਪੱਛਮੀ ਹੱਦ ਤੇ ਲਾਹੌਰੋਂ ੩੨/੩੩ ਕਿਲੋਮੀਟਰ ਥੋੜਾ ਜਿਹਾ ਚੜ੍ਹਦੇ ਦਖਣ ਵਿਚ ਹੈ। ਇਹ ਭਾਈ ਆਲੀ ਸਿੰਘ ਤੇ ਗੁਰਬਖਸ਼ ਸਿੰਘ ਦਾ ਪਿੰਡ ਸੀ। ਇਨ੍ਹਾਂ ਦੀਆਂ ਫ਼ਸਲਾਂ ਨੌਸ਼ਹਿਰੇ ਵਾਲੇ ਚੋਧਰੀ ਦੀਆਂ ਘੋੜੀਆਂ ਉਜਾੜਦੀਆਂ ਸਨ, ਉਲਾਂਭੇ ਤੋਂ ਵਧਾਣ ਵਧਿਆ। ਸਿੱਟੇ ਵਜੋਂ ਭਾਈ ਤਾਰਾ ਸਿੰਘ ਵਾਂ ਨਾਲ ਲਾਹੌਰ ਦੀ ਫ਼ੌਜ ਦੀ ਲੜਾਈ ਹੋਈ ਤੇ ਇਹ ਦੋਵੇਂ ਸਿੰਘ ਉਥੇ "ਵਾਂ" ਜੰਗ ਵਿਚ ਸ਼ਹੀਦ ਹੋ ਗਏ ਸਨ। ਵਿਸਥਾਰ ਲਈ ਵੇਖੋ "ਭਾਈ ਤਾਰਾ ਸਿੰਘ ਵਾਂ ਦੀ ਸ਼ਹੀਦੀ" ਜੋ ਪਹਿਲਾਂ ਲਿਖੀ ਜਾ ਚੁਕੀ ਹੈ।



www.AKJ.Org

ਕਿਉਂ ਉਹ ਇਹੋ ਜਿਹੀ ਰਿਹਾਈ ਲੈ ਕੇ ਜ਼ਿੰਦਾ ਰਹਿਣਾ ਅਤੀ ਕਾਇਰਤਾ ਸਮਝਣਗੇ। ਇਹ ਉਨ੍ਹਾਂ ਦੇ ਗੁਰਸਿਖ ਜੀਵਨ ਦੀ ਸ਼ਾਨ ਦੇ ਅਨਕੂਲ ਨਹੀਂ ਹੈ। ਇਹ ਮੇਰਾ ਪੱਕਾ ਨਿਸਚਾ ਹੈ। ਅੱਗੇ ਤੁਹਾਡੀ ਮਰਜ਼ੀ। ਫਿਰ ਵੀ ਅੰਤ ਵਿਚ ਮੈਂ ਇਹੋ ਹੀ ਕਹਾਂਗਾ ਕਿ ਉਨ੍ਹਾਂ ਦੀ ਆਗਿਆ ਤੋਂ ਬਿਨਾਂ ਕੁਝ ਨਾ ਕਰਿਓ।''

ਇਹ ਸੁਣ ਕੇ ਸਾਰਿਆਂ ਹਾਜ਼ਰ ਸਿੰਘਾਂ ਨੇ ਉਸ ਬਜ਼ੁਰਗ ਸਿੰਘ ਨੂੰ ਬੇਨਤੀ ਕੀਤੀ ਕਿ ਤੁਸੀਂ ਆਪ ਹੀ ਸਹਿਜ ਨਾਲ ਜਾ ਕੇ ਭਾਈ ਜੀ ਦੀ ਸਲਾਹ ਲੈ ਆਉ। ਉਹ ਸਿੰਘ ਤਾਂ ਇਸ ਕੰਮ ਲਈ ਤੁਰ ਗਿਆ, ਬਾਕੀ ਵਾਹਿਗੁਰੂ ਅੱਗੇ ਅਰਦਾਸ ਕਰਨ ਲੱਗ ਪਏ ਕਿ ਹੇ ਸੱਚੇ ਪਾਤਸ਼ਾਹ! ਰਹਿਮ ਕਰ ਕੇ ਭਾਈ ਜੀ ਦੇ ਮੂੰਹੋਂ ਇਕ ਵਾਰ 'ਹਾਂ' ਕਢਵਾ ਦੇਹ ਤੇ ਸਾਡੇ ਦਿਲ ਦੀਆਂ ਹੋ ਜਾਣ। ਫਿਰ ਪੁਲਸ ਵਾਲੇ ਪਰਚੰਡ ਉਡਦੇ ਵੇਖਿਓ। ਅਰਕਾਂ ਤੇ ਗੋਡਿਆਂ ਤੋਂ ਬਾਹੀਂ ਲੱਤਾਂ ਭੰਨਾਂਗੇ। ਹੇ ਅਮੀਰੀ ਪੀਰੀ ਦਿਆ ਮਾਲਕਾ! ਅੱਜ ਸਾਡੀ ਜੋਦੜੀ ਸੁਣ ਲਏ।

ਉਹ ਸਿੰਘ ਗੁਰਦਵਾਰਾ ਸਾਹਿਬੋਂ ਘਰ ਆਇਆ ਤੇ ਦੁੱਧ ਲੈ ਕੇ ਭਾਈ ਜੀ ਨੂੰ ਛਕਾਉਣ ਦੇ ਪੱਜ ਉਥੇ ਜਾ ਪਹੁੰਚਿਆ। ਪੁਲਸ ਨੇ ਉਸ ਨੂੰ ਨਾ ਰੋਕਿਆ। ਸਿੰਘ ਨੇ ਮੌਕਾ ਪਾ ਕੇ ਅਸਲੋਂ ਮੱਧਮ ਆਵਾਜ਼ ਵਿਚ ਪਿੰਡ ਵਾਲਿਆਂ ਦਾ ਮਤਾ ਦਸਿਆ ਕਿ ਉਹ ਪੁਲਸ ਪਾਸੋਂ ਤੁਹਾਨੂੰ ਜ਼ਬਰਦਸਤੀ ਛੁਡਾਉਣਾ ਚਾਹੁੰਦੇ ਹਨ ਤੇ ਇਸ ਕੰਮ ਲਈ ਸੋਟੇ ਲੈ ਕੇ ਗੁਰਦਵਾਰਾ ਸਾਹਿਬ ਵਿਖੇ ਤੁਹਾਡੀ ''ਹਾਂ'' ਦੀ ਉਡੀਕ ਵਿਚ ਬੈਠੇ ਹਨ। ਕਹਿੰਦੇ ਹਨ ਕਿ ਭਾਈ ਜੀ ਨਿਰਦੋਸ਼ ਹਨ ਤੇ ਅਸੀਂ ਪੁਲਸ ਨੂੰ ਇਹ ਨਹੀਂ ਕਰਨ ਦੇਣਾ ਕਿ ਤੁਹਾਨੂੰ ਲਾਹੌਰ ਲੈ ਜਾਵੇ। ਸਾਡਾ ਫ਼ਿਕਰ ਨਾ ਕਰਨ। ਅਸੀਂ ਹਰ ਬਿਪਤਾ ਨੂੰ ਗੱਜ ਵੱਜ ਕੇ ਸਿਰ ਤੇ ਝਲਾਂਗੇ। ਵੱਡੀ ਗੱਲ ਤਾਂ ਇਹੋ ਹੀ ਹੋਵੇਗੀ ਨਾ ਕਿ ਖਾਨ ਬਹਾਦਰ ਦੀ ਫ਼ੌਜ ਆ ਕੇ ਪਿੰਡ ਸਾੜਫੂਕ ਦੇਵੇਗੀ। ਅਸੀਂ ਸਾਲ ਦੋ ਸਾਲ ਲਈ ਜੰਗਲਾਂ ਵਿਚ ਜਾਂ ਟਿਕਾਂਗੇ। ਸਾਡੇ ਹੋਰ ਵੀ ਭਰਾ ਤਾਂ ਇੰਜ ਹੀ ਦਿਨ-ਕਟੀ ਕਰ ਰਹੇ ਹਨ। ਜਦ ਬਲ ਪਊ, ਫਿਰ ਪਿੰਡ ਆਣ ਵਸਾਵਾਂਗੇ।

ਭਾਈ ਸਾਹਿਬ ਨੇ ਉਸ ਨੂੰ ਧੀਰਜ ਦੇ ਕੇ ਕਿਹਾ ਕਿ, ਖਾਨ ਬਹਾਦਰ ਦਾ ਜ਼ੁਲਮ ਜਬਰ ਦਾ ਭਠ ਕੁਰਬਾਨੀ ਦਾ ਲਹੂ ਪਿਆਂ ਹੀ ਠੰਡਾ ਹੋਣਾ ਹੈ। ਅੱਜ ਮੈਨੂੰ ਵਾਹਿਗੁਰੂ ਨੇ ਇਹ ਮੌਕਿਆ ਬਖਸ਼ਿਆ ਹੈ ਤੇ ਖੁੰਝਿਆਂ ਪਤਾ ਨਹੀਂ ਫਿਰ ਕਦੋਂ ਮਿਲੇ। ਤੁਹਾਨੂੰ ਵਖਤ ਵਿਚ ਪਾ ਕੇ ਮੈਂ ਬਚ ਨਿਕਲਾਂ, ਪੰਥ ਨੂੰ ਕੀ ਮੂੰਹ ਵਖਾਵਾਂਗਾ ਤੇ ਵਾਹਿਗੁਰੂ ਪਾਸ ਕਿਵੇਂ ਸੁਰਖ਼ਰੂ ਹੋ ਕੇ ਜਾਵਾਂਗਾ। ਸਿਰ ਦਿਤਿਆਂ ਜ਼ੁਲਮ ਦੇ ਭਾਂਬੜ ਠੰਡੇ ਹੋਣੇ ਹਨ। ਕੁਰਬਾਨੀ ਤੋਂ ਮੁਖ ਮੋੜਨਾ ਸਿੰਘਾਂ ਦੀ ਸ਼ਾਨ ਦੇ ਉਲਟ ਹੈ। ਜਿਸ ਮੌਤ ਲਈ ਮੈਂ ਅੱਜ ਜਾ ਰਿਹਾ ਹਾਂ, ਇਸ ਨਾਲ ਪੰਥ ਦੀ ਚੜ੍ਹਦੀ ਕਲਾ ਹੋਵੇਗੀ ਤੇ ਜ਼ੁਲਮ ਪਾਪ ਦਾ ਨਾਸ ਹੋਵੇਗਾ। ਜੇ ਮੈਂ ਮੌਤੋਂ ਡਰ ਕੇ ਬਚ ਨਿਕਲਣਾ ਹੁੰਦਾ ਤਾਂ ਮੈਂ ਪਿੰਡ ਵੀ ਪੁਲਸ ਪਾਸੋਂ ਨੱਠ ਸਕਦਾ ਸਾਂ। ਜੰਗਲ ਵਿਚ ਚਲਿਆ ਜਾਂਦਾ ਤਾਂ ਕਿਸ ਮਾਈ ਦੇ ਲਾਲ ਮੇਰੇ ਪਿਛੇ ਆਉਣਾ ਸੀ। ਕੁਰਬਾਨੀ ਦਾ ਸਮਾਂ ਆ ਗਿਆ ਹੈ। ਮੈਂ ਸ਼ਹੀਦੀ ਗਾਨਾ ਬੰਨ੍ਹ ਕੇ ਤੁਰਿਆ ਹਾਂ, ਹੁਣ ਵਾਪਸ ਜਾਣਾ ਅਸੰਭਵ ਹੈ। ਸਤਿਗੁਰਾਂ ਨੇ ਸਿੰਘਾਂ ਨੂੰ ਭਾਣੇ ਵਿਚ ਰਹਿਣ ਦਾ ਸਬਕ ਦ੍ਰਿੜ੍ਹਾਇਆ ਹੈ, ਇਸ ਤੋਂ ਬਾਹਰ ਜਾਣਾ ਸਿਖ ਨੂੰ ਸੋਭਦਾ ਨਹੀਂ। ਤੁਸੀਂ ਹੁਣ ਵਾਪਸ ਜਾ ਕੇ ਸਾਰਿਆਂ ਨੂੰ ਮੇਰੇ ਵਲੋਂ ਪਿਆਰ ਨਾਲ ਫਤਹ ਬੁਲਾ ਕੇ, ਮੇਰੀ ਕੀਤੀ ਬੇਨਤੀ ਦੱਸ ਕੇ ਚੁਪ ਚਾਪ ਘਰਾਂ ਨੂੰ ਲੈ ਜਾਵੋ। ਕਿਸੇ ਵੀ ਕਿਸਮ ਦਾ ਉਪੱਧਰ ਨਹੀਂ ਕਰਨਾ। ਇਹ ਮੇਰੀ ਤੁਹਾਡੇ ਸਾਰਿਆਂ ਅੱਗੇ ਜੋਦੜੀ ਹੈ।

ਉਸ ਸਿੰਘ ਨੇ ਵਾਪਸ ਆ ਕੇ ਜੋ ਭਾਈ ਸਾਹਿਬ ਨੇ ਕਿਹਾ ਸੀ, ਕਹਿ ਸੁਣਾਇਆ। ਪੁਲਸ ਵਿਰੁੱਧ ਲੂਹਰੀਆਂ ਲੈ ਰਹੇ ਤੇ ਫਰਕਦੇ ਡੌਲੇ ਸ਼ਾਂਤ ਹੋ ਗਏ। ਸਿੰਘ ਦਿਲ ਮਸੋਸਦੇ ਹੋਏ ਘਰਾਂ ਨੂੰ ਪਰਤ ਗਏ।

ਦਿਨ ਚੜ੍ਹਿਆ ਤੇ ਪੁਲਸ ਨੰਬਰਦਾਰਾਂ ਦਾ ਲਿਆਂਦਾ ਲੱਸੀ ਪਾਣੀ ਛਕ ਕੇ ਲਾਹੌਰ ਨੂੰ ਉਠ ਤੁਰੀ। ਪੁਲਸ ਭਾਈ ਸਾਹਿਬ ਨੂੰ ਲੈ ਕੇ ਦੁਪਹਿਰ ਤੋਂ ਪਹਿਲਾਂ ਹੀ ਲਾਹੌਰ ਜਾ ਪਹੁੰਚੀ।

ਮੋਮਨ ਖਾਨ ਨੇ ਭਾਈ ਤਾਰੂ ਸਿੰਘ ਨੂੰ ਹਥਕੜੀ ਤੇ ਬੇੜੀਆਂ ਪਾ ਕੇ ਜ਼ਕਰੀਆ ਖਾਨ ਦੀ ਲੱਗੀ ਕਚਹਿਰੀ ਵਿਚ ਜਾ ਪੇਸ਼ ਕੀਤਾ, ਭਰੀ ਕਚਹਿਰੀ ਵਿਚ ਭਾਈ ਤਾਰੂ ਸਿੰਘ ਜੀ ਨੇ ਗਜਵੀਂ ਆਵਾਜ਼ ਵਿਹ ਉੱਚੀ ਸਾਰੀ ਫ਼ਤਹ ਬਲਾਈ। ਦੀਵਾਨ ਲਖਪਤ ਰਾਏ ਤੜਫ਼ ਕੇ ਉਠਿਆ ਤੇ ਕਿਹਾ, ''ਸਿਖੜਿਆ! ਇਹ ਅਨੰਦਪੁਰ ਵਿਖੇ ਗੁਰੂ ਗੋਬਿੰਦ ਸਿੰਘ ਦਾ



www.AKJ.Org

ਦਰਬਾਰ ਜਾਂ ਅੰਮ੍ਰਿਤਸਰ ਦਾ ਹਰਿਮੰਦਰ ਨਹੀਂ, ਜਿਥੇ ਤੇਰੀ ਬੁਲਾਈ ਫ਼ਤਹ ਪ੍ਰਵਾਨ ਹੋਵੇਗੀ। ਇਹ ਮੁਗਲੀਆ ਰਾਜ ਦੇ ਪੰਜਾਬ ਦੇ ਨਾਜ਼ਮ ਸਾਹਿਬ ਜਨਾਬ ਖਾਨ ਬਹਾਦਰ ਸਾਹਿਬ ਦੀ ਕਚਹਿਰੀ ਹੈ। ਇਥੇ ਸਲਾਮ ਬੁਲਾਈਦੀ ਹੈ। ਸਿਰਫ ਸਲਾਮ ਹੀ ਕਬੂਲ ਹੁੰਦੀ ਹੈ। ਜੇ ਜ਼ਿੰਦਗੀ ਚਾਹੁੰਦਾਂ ਹੈਂ ਤਾਂ ਨਾਜ਼ਿਮ ਸਾਹਿਬ ਨੂੰ ਝੁਕ ਕੇ ਸਲਾਮ ਕਰ ਤੇ ਨਾਲ ਹੀ ਫ਼ਤਹ ਬੁਲਾਉਣ ਦੀ ਗੁਸਤਾਖੀ ਲਈ ਹੱਥ ਜੋੜ ਕੇ ਮੁਆਫ਼ੀ ਮੰਗ, ਨਹੀਂ ਤਾਂ ਮੌਤ ਦੇ ਘਾਟ ਉਤਾਰ ਦਿਤਾ ਜਾਵੇਗਾ।''

ਭਾਈ ਤਾਰੂ ਸਿੰਘ ਜੀ ਨੇ ਬੜੀ ਧੀਰਜ ਤੇ ਨਿਰਭੈਤਾ ਨਾਲ ਉਤਰ ਦਿਤਾ–''ਮੌਤ ਤੋਂ ਬੁਜ਼ਦਿਲ ਤੇ ਕਾਇਰ ਲੋਕ ਡਰਿਆ ਕਰਦੇ ਹਨ। ਅਸੀਂ ਖੰਡੇ ਦੀ ਧਾਰ ਚੋਂ ਪੈਦਾ ਹੋਏ ਹਾਂ। ਮੌਤ ਤਾਂ ਸਾਡੀ ਖਿਡਾਵੀ ਹੈ। ਮਰਦਾਂ ਦੀ ਮੌਤ ਮਰਨ ਵਾਲੇ ਮੌਤ ਨੂੰ ਅਗਲਵਾਂਢੀ ਹੋ ਕੇ ਮਿਲਿਆ ਕਰਦੇ ਹਨ, ਡਰਿਆ ਨਹੀਂ ਕਰਦੇ। ਦੀਵਾਨ ਸਾਹਿਬ, ਤੁਹਾਨੂੰ ਭਲੀ ਭਾਂਤ ਪਤਾ ਹੈ ਕਿ ਸਿੰਘ ਸਦਾ ਫ਼ਤਹ ਗਜਾਉਂਦੇ ਹਨ ਤੇ ਰਹਿੰਦੀ ਦੁਨੀਆ ਤਕ ਗਜਾਉਂਦੇ ਰਹਿਣਗੇ।''

ਖਾਨ ਬਹਾਦਰ ਐਸਾ ਦਲੇਰੀ ਭਰਿਆ ਜਵਾਬ ਸੁਣ ਕੇ ਬੜਾ ਕਰੋਧ ਵਿਚ ਆਇਆ। ਉਸ ਦੇ ਕੁਝ ਬੋਲਣ ਤੋਂ ਪਹਿਲਾਂ ਹੀ ਭਾਈ ਤਾਰੂ ਸਿੰਘ ਨੇ ਬੜੀ ਨਿਰਭੈਤਾ ਸਹਿਤ ਸਿੰਘ-ਤਕਣੀ ਨਾਲ ਉਸ ਵਲ ਵੇਖਦਿਆਂ ਪੁਛਿਆ, ''ਮੈਨੂੰ ਕਿਸ ਦੋਸ਼ ਵਿਚ ਬੰਦੀ ਬਣਾ ਕੇ ਇਥੇ ਮੰਗਵਾਇਆ ਹੈ ?''

ਭਖੇ ਹੋਏ ਖਾਨ ਬਹਾਦਰ ਨੇ ਕੜਕ ਕੇ ਕਿਹਾ, ''ਤਾਰੂ ਸਿੰਘਾ, ਤੇਰੀਆਂ ਕਰਤੂਤਾਂ ਦਾ ਪੂਰੀ ਤਰ੍ਹਾਂ ਪਤਾ ਲੱਗ ਚੁਕਾ ਹੈ। ਤੂੰ ਹਕੂਮਤ ਦੇ ਬਾਗ਼ੀਆਂ ਨੂੰ ਪਨਾਹ ਦੇ ਕੇ ਆਪਣੇ ਪਾਸ ਰਖਦਾ ਹੈਂ। ਡਾਕੂ ਤੇ ਧਾੜਵੀ ਤੇਰੇ ਪਾਸ ਆ ਕੇ ਟਿਕਦੇ ਹਨ ਤੇ ਦਿਨ੍ਹਾਂ ਪਾਸੋਂ ਮਾਝੇ ਵਿਚ ਦੂਰ ਦੂਰ ਤਕ ਸੰਨ੍ਹਾਂ ਲਵਾਉਂਦਾ, ਡਾਕੇ ਤੇ ਧਾੜੇ ਮਰਵਾਉਂਦਾ ਹੈਂ ਅਤੇ ਐਸੀਆਂ ਹੋਰ ਵਾਰਦਾਤਾਂ ਕਰਾਉਂਦਾ ਰਹਿੰਦਾ ਹੈਂ। ਲੁਟ ਤੇ ਚੋਰੀ ਡਾਕਿਆਂ ਦੇ ਮਾਲ ਤੋਂ ਹਿਸਾ ਲੈਂਦਾ ਹੈਂ ਤੇ ਪਰਦਾ-ਪੋਸ਼ੀ ਲਈ ਜ਼ਾਹਰਾ ਤੌਰ ਤੇ ਗਰੀਬਾਂ ਅਮੀਰਾਂ ਲਈ ਲੰਗਰ ਦਾ ਢੌਂਗ ਰਚਿਆ ਹੋਇਆ ਹੈ। ਜੋ ਕੁਝ ਪੱਟੀ ਵਿਚ ਹੋਇਆ ਹੈ ਤੇ ਫ਼ੌਜਦਾਰ ਨਾਲ ਜੋ ਵਾਪਰੀ ਹੈ, ਉਸ ਸਾਰੇ ਦਾ ਤੂੰ ਹੀ ਮੋਢੀ ਹੈਂ। ਕਿਸੇ ਗਲੋਂ ਮੁਕਰੇਂ ਤਾਂ ਹਰ-ਭਗਤ ਨਿਰੰਜਨੀਆ ਜੰਡਿਆਲੇ ਵਾਲਾ ਠੋਸ ਸਬੂਤ ਦੇ ਕੇ ਆਪਣੀ ਗਵਾਹੀ ਨਾਲ ਤੇਰੇ ਅਪ੍ਰਾਧ ਸਾਬਤ ਕਰ ਸਕਦੈ।''

ਅਗੋਂ ਭਾਈ ਤਾਰੂ ਸਿੰਘ ਜੀ ਨੇ ਉਤਰ ਦਿਤਾ, ''ਤੇਰੇ ਝੂਠੇ ਗਵਾਹਾਂ ਦੀ ਲੋੜ ਤਦ ਪਵੇ ਜੇ ਤਾਰੂ ਸਿੰਘ ਵੀ ਝੂਠ ਬੋਲਣ ਜਾਣਦਾ ਹੋਵੇ। ਤੇਰੀ ਨਿਗਾਹ ਵਿਚ ਤੇਰੇ ਇਹ ਗਵਾਹ ਬਹੁਤ ਸਚੇ ਹਨ। ਜੋ ਕੁਝ ਉਹ ਕਹਿੰਦੇ ਹਨ ਠੀਕ ਹੈ। ਉਹ ਤਾਂ ਕਾਇਰਾਂ ਵਾਂਗ ਲੁਕ ਛਿਪ ਕੇ ਤੇਰੇ ਪਾਸ ਆ ਕੇ ਝੂਠ ਸੱਚ ਗੰਢ ਕੇ ਲੂਤੀਆਂ ਫੂਕਦੇ ਹਨ। ਤੇ ਅੰਦਰੋਂ ਕਿਸੇ ਡਰ ਨਾਲ ਉਨ੍ਹਾਂ ਦੇ ਦਿਲ ਧੜਕਦੇ ਰਹਿੰਦੇ ਹਨ। ਮੈਂ ਤੇਰੀ ਭਰੀ ਕਚਹਿਰੀ ਵਿਚ ਲਲਕਾਰ ਕੇ ਆਖਦਾ ਹਾਂ ਕਿ ਪੱਟੀ ਵਿਚ ਜੋ ਕੁਝ ਹੋਇਆ, ਉਸ ਦਾ ਕਰਤਾ ਧਰਤਾ ਮੈਂ ਹਾਂ। ਇਕ ਗਰੀਬ ਮੁਸਲਮਾਨ ਦੀ ਧੀ ਤੇਰੇ ਵਲੋਂ ਥਾਪੇ ਲੋਕਾਂ ਦੀ ਇਜ਼ਤ ਤੇ ਜਾਨ ਮਾਲ ਦੇ ਰਾਖੇ ਮੁਖੀ ਨੇ ਜ਼ਬਰਦਸਤੀ ਉਧਾਲ ਕੇ ਨਿਕਾਹ ਤੋਂ ਬਿਨਾਂ ਹੀ ਘਰ ਪਾ ਲਈ। ਤੇਰੀ ਇਸ ਕਚਹਿਰੀ ਵਿਚੋਂ ਵੀ ਉਸ ਨੂੰ ਇਨਸਾਫ਼ ਨਾ ਮਿਲਿਆ ਤੇ ਉਹ ਲਾਹੌਰੋਂ ਸੀਨਾ ਪਿਟਦਾ ਘਰ ਨੂੰ ਮੁੜਿਆ। ਕਿਸੇ ਪਾਸਿਓਂ ਢੋਈ ਨਾ ਮਿਲਦੀ ਵੇਖ ਕੇ ਉਸ ਨੇ ਸਿੰਘਾਂ ਪਾਸ ਬਹੁੜੀ ਕੀਤੀ। ਦੁਸ਼ਟ ਨੂੰ ਸੋਧ ਕੇ ਬੁਢੇ ਨੂੰ ਇਨਸਾਫ਼ ਲੈ ਕੇ ਦਿਤਾ। ਉਸ ਦੀ ਧੀ ਵਾਪਸ ਕਰਵਾਈ। ਫ਼ਰਕ ਕੇਵਲ ਏਨਾ ਹੈ ਕਿ ਤੂੰ ਇਸ ਨੂੰ ਜ਼ੁਲਮ ਤੇ ਬਗ਼ਾਵਤ ਸਮਝਦਾ ਹੈਂ, ਗੁਨਾਹ ਸਮਝਦਾ ਹੈਂ, ਅਸੀਂ ਇਸ ਨੂੰ ਧਰਮ ਤੇ ਉਪਕਾਰ ਸਮਝਦੇ ਹਾਂ।

''ਤੂੰ ਜਿਨ੍ਹਾਂ ਸਿੰਘਾਂ ਨੂੰ ਹਕੂਮਤ ਦੇ ਬਾਗ਼ੀ, ਡਾਕੂ ਤੇ ਲੁਟੇਰੇ ਕਹਿੰਦਾ ਹੈਂ, ਉਹ ਗੁਰੂ ਕੇ ਲਾਲ ਹਨ। ਉਹ ਜ਼ੁਲਮੀ ਰਾਜ ਦੀ ਸਫ ਵਲ੍ਹੇਟਣ ਲਈ ਅਤੇ ਗਰੀਬਾਂ ਉਤੇ ਪਰਉਪਕਾਰ ਕਰਨ ਲਈ ਘਰ ਘਾਟ ਛਡ ਕੇ ਸਿਰ ਤਲੀ ਤੇ ਧਰੀ ਫਿਰਦੇ ਹਨ। ਉਨ੍ਹਾਂ ਦੀ ਸੇਵਾ ਕਰਨਾ ਮੇਰੇ ਲਈ ਸਰਵ-ਉਚ ਕਰਤੱਵ ਹੈ–ਇਹ ਮੇਰਾ ਧਰਮ ਸਿਖਾਂਦਾ ਹੈ।''

ਜ਼ਕਰੀਆ ਖਾਨ ਨੇ ਆਪਣੇ ਗੁਸੇ ਤੇ ਕਾਬੂ ਪਾਉਂਦੇ ਹੋਏ ਨੇ ਕਿਹਾ, ''ਤਾਰੂ ਸਿੰਘ ! ਜਦ ਤੂੰ ਆਪਣੇ ਜੁਰਮ ਦਾ ਇਕਬਾਲ ਕਰ ਲਿਆ ਹੈ, ਤੇਰੇ ਬਚ ਨਿਕਲਣ ਦਾ ਕੋਈ ਰਾਹ ਹੈ ? ਬੜੇ ਭਿਆਨਕ ਤਸੀਹੇ ਦੇ ਦੇ ਕੇ ਮਾਰਿਆ ਜਾਵੇਂਗਾ। ਤੈਨੂੰ ਪਤਾ ਹੋਵੇਗਾ ਕਿ ਤੈਥੋਂ ਪਹਿਲੇ ਸਿੰਘ ਬੜੇ ਸਖ਼ਤ ਅਜ਼ਾਬ ਦੇ ਦੇ ਕੇ ਕਤਲ ਕੀਤੇ ਗਏ ਸਨ। ਉਹ



www.AKJ.Org

ਵੀ ਆਪਣੀ ਜ਼ਿਦ ਤੋਂ ਬਾਜ਼ ਨਾ ਆਏ। ਤੂੰ ਚੜ੍ਹਦੀ ਜਵਾਨੀ ਹੈਂ, ਤੇ ਅਸਲਾਮ ਦਾ ਰਹਿਮ ਦਾ ਦਰਵਾਜ਼ਾ ਤੇਰੇ ਲਈ ਖੁਲ੍ਹਾ ਹੈ। ਦੀਨ ਅਸਲਾਮ ਕਬੂਲ ਕਰ ਕੇ ਤੂੰ ਬੇਵਕਤ ਤੇ ਅਜਾਈਂ ਮੌਤ ਮਰਨੋਂ ਬਚ ਸਕਦੈਂ।''

ਭਾਈ ਤਾਰੂ ਸਿੰਘ ਜੀ ਨੇ ਬੜੇ ਹੀ ਠਰ੍ਹੰਮੇ ਨਾਲ ਜਵਾਬ ਦਿਤਾ, ''ਮੁਸਲਮਾਨ ਬਣ ਕੇ ਵੀ ਤਾਂ ਆਖ਼ਰ ਨੂੰ ਮਰਨਾ ਹੀ ਹੈ। ਕੀ ਤੁਹਾਨੂੰ ਮੁਸਲਮਾਨਾਂ ਨੂੰ ਮੌਤ ਨਹੀਂ ਆਵੇਗੀ? ਅਵੱਸ਼ ਆਵੇਗੀ। ਜੋ ਜੰਮਿਆ ਹੈ, ਉਸ ਲਈ ਮੌਤ ਅਵੱਸ਼ ਹੈ। ਸਾਨੂੰ ਤਾਂ ਗੁੜ੍ਹਤੀ ਹੀ ਮੌਤ ਨੇ ਦਿਤੀ ਹੈ। ਚੰਦ ਰੋਜ਼ ਦੀ ਨਿਗੂਣੀ ਜ਼ਿੰਦਗੀ ਬਦਲੇ ਆਪਣੇ ਅਨਮੋਲ ਧਰਮ ਨੂੰ ਕਿਉਂ ਛਡਿਆ ਜਾਵੇ। ਜਿਵੇਂ ਮੱਛੀ ਪਾਣੀ ਤੋਂ ਬਿਨਾਂ ਬਚ ਨਹੀਂ ਸਕਦੀ, ਸਿਖ ਵੀ ਸਿਖੀ ਤੋਂ ਅਲਹਿਦਾ ਹੋ ਕੇ ਜ਼ਿੰਦਾ ਨਹੀਂ ਰਹਿ ਸਕਦਾ। ਇਸ ਕੂੜੀ ਜ਼ਿੰਦਗੀ ਬਦਲੇ ਮੈਂ ਸਿੱਖੀ ਨਾਲ ਸੌਦਾ ਕਿਵੇਂ ਕਰ ਸਕਦਾਂ? ਸਿੱਖੀ ਤਾਂ ਕੇਸਾਂ ਸਵਾਸਾਂ ਨਾਲ ਨਿਭੇਗੀ। ਜਦ ਤਕ ਦਮ ਬਾਕੀ ਹਨ, ਸਿੱਖੀ ਨਹੀਂ ਛਡ ਸਕਦਾ। ਇਸ ਸੰਬੰਧ ਵਿਚ ਤੇਰੀ ਨਸੀਹਤ ਦੀ ਕਦਾਚਿਤ ਲੋੜ ਨਹੀਂ। ਜੋ ਜੀਅ ਵਿਚ ਆਵੇ, ਮੇਰੇ ਨਾਲ ਸਖ਼ਤੀ ਕਰ ਲੈ, ਮੈਂ ਤੈਥੋਂ ਰਹਿਮ ਦੀ ਭੀਖ ਵੀ ਨਹੀਂ ਮੰਗਣੀ। ਇਹ ਮੇਰਾ ਤੈਨੂੰ ਆਖਰੀ ਤੇ ਅਟੱਲ ਜਵਾਬ ਹੈ।''

ਖਾਨ ਬਹਾਦਰ ਨੂੰ ਸੱਤੀਂ ਕਪੜੀਂ ਅੱਗ ਲੱਗ ਗਈ। ਗੁੱਸੇ ਵਿਚ ਗਰਜਿਆ, ''ਜਿਹੜੇ ਕੇਸਾਂ ਦਾ ਐਡਾ ਲਾਡ ਤੇ ਮਾਣ ਕਰਦਾ ਹੈਂ, ਇਹ ਮੈਂ ਜੁੱਤੀਆਂ ਨਾਲ ਪਲ ਵਿਚ ਉਖੇੜ ਦਿਆਂਗਾ। ਸਵਾਸ ਤੇਰੇ ਮੈਂ ਕਿਵੇਂ ਕਢਦਾ ਹਾਂ, ਇਹ ਦੁਨੀਆ ਵੇਖੇਗੀ।''

ਕੇਸਾਂ ਦੀ ਬੇਅਦਬੀ ਸੁਣ ਕੇ ਭਾਈ ਤਾਰੂ ਸਿੰਘ ਵੀ ਰੋਹ ਵਿਚ ਆ ਗਿਆ। ਭਬਕ ਕੇ ਬੋਲਿਆ, ''ਜੁੱਤੀਆਂ ਤਾਂ ਤੇਰੇ ਸਿਰ ਵਿਚ ਪੈਣਗੀਆਂ। ਜਿਹੜੇ ਪੂਰੇ ਸਿੰਘ ਹਨ, ਵਾਹਿਗੁਰੂ ਦੀ ਕਿਰਪਾ ਨਾਲ ਉਨ੍ਹਾਂ ਦੀ ਸਿਖੀ ਕੇਸ ਸਵਾਸਾਂ ਨਾਲ ਨਿਭੇਗੀ।''

ਇਹ ਅਦਾਲਤ ਕੀ ਸੀ? ਕੇਵਲ ਇਕ ਵਿਖਾਵਾ, ਹਰ ਕਿਸਮ ਦਾ ਜਬਰ ਤੇ ਪਾਪ ਇਸ ਅਦਾਲਤ ਦੀ ਦੰਭੀ ਕਾਰਵਾਈ ਰਾਹੀਂ ਸਿਖਾਂ ਉਤੇ ਢਾਇਆ ਜਾਂਦਾ। ਝਟ ਫਤਵਾ ਦਿਤਾ ਗਿਆ ਕਿ ਇਸ ਗੁਸਤਾਖ਼ ਸਿਖ ਨੂੰ ਚਰਖੀ ਉਤੇ ਚਾੜ੍ਹਿਆ ਜਾਵੇ ਤੇ ਓਨਾ ਚਿਰ ਇਸ ਨੂੰ ਉਤੋਂ ਉਤਾਰਿਆ ਨਾ ਜਾਵੇ ਜਿੰਨਾ ਚਿਰ ਇਹ ਤੋਬਾ ਤੋਬ ਨਾ ਬੋਲ ਉਠੇ ਤੇ ਜ਼ਬਾਨੋਂ ਨਾ ਕਹੇ ਕਿ ਸਿਖੀ ਤਿਆਗ ਕੇ ਮੈਂ ਅਸਲਾਮ ਕਬੂਲਣ ਨੂੰ ਤਿਆਰ ਹਾਂ। ਅਸਲ ਵਿਚ ਖ਼ਾਨ ਬਹਾਦਰ ਤਾਰੂ ਸਿੰਘ ਨੂੰ ਮਾਰਨ ਦੀ ਥਾਂ ਤਸੀਹੇ ਦੇ ਦੇ ਕੇ ਮੁਹੰਮਦੀ ਦੀਨ ਦੇ ਘੇਰੇ ਵਿਚ ਲਿਆਉਣਾ ਚਾਹੁੰਦਾ ਸੀ। ਇੰਜ ਹੋ ਜਾਣ ਨਾਲ ਬਾਕੀ ਸਿਖਾਂ ਦੀ ਦ੍ਰਿੜ੍ਹਤਾ ਤੇ ਹੱਠ ਉਤੇ ਕਰਾਰੀ ਚੋਟ ਹੋਵੇਗੀ ਤੇ ਸ਼ਾਇਦ ਇਸ ਦਾ ਅਸਰ ਦੂਜਿਆਂ ਉਤੇ ਵੀ ਪਵੇ ਤੇ ਸਿਖ ਵੇਖੋ-ਵੇਖੀ ਮੁਸਲਮਾਨ ਬਣਦੇ ਜਾਣ। ਉਸ ਨੇ ਫਿਰ ਦਬਕਾ ਮਾਰਿਆ ਕਿ ਦੂਰੋਂ ਦੂਰੋਂ ਮੌਤ ਜਿੰਨੀ ਸਹਿਲ ਤੇ ਚੰਗੀ ਪ੍ਰਤੀਤ ਹੁੰਦੀ ਹੈ, ਨੇੜੇ ਆਉਣ ਤੇ ਓਨੀ ਹੀ ਭਿਆਨਕ ਹੋ ਜਾਇਆ ਕਰਦੀ ਹੈ। ਆਪਣੀ ਜਵਾਨੀ ਤੇ ਤਰਸ ਖਾ, ਪਿਛੇ ਰੋਂਦੀ ਕੁਰਲਾਂਦੀ ਮਾਂ ਅਤੇ ਭੈਣ ਵਲ ਨਿਗਾਹ ਮਾਰ। ਗ਼ਲਤ ਰਸਤਾ ਛੱਡ ਦੇਹ। ਅਸਲਾਮ ਕਬੂਲ ਕਰ ਲੈ, ਦੁਨੀਆ ਦੇ ਸਾਰੇ ਸੁਖ ਹਾਜ਼ਰ ਕਰ ਦਿਤੇ ਜਾਣਗੇ। ਨਹੀਂ ਤੇ ਯਾਦ ਰਖ, ਸਦਾ ਲਈ ਖ਼ਾਕ ਵਿਚ ਮਿਲਾ ਦਿਤਾ ਜਾਵੇਂਗਾ। ਭਾਈ ਤਾਰੂ ਸਿੰਘ ਨੇ ਜ਼ਖ਼ਮੀ ਸ਼ੇਰ ਵਾਂਗ ਗਰਜ ਕੇ ਆਖਿਆ, ''ਸੂਬੇਦਾਰ ਸਾਹਿਬ! ਮੌਤ ਮੁਰਦਿਆਂ ਤੇ ਕਾਇਰਾਂ ਵਾਸਤੇ ਹੁੰਦੀ ਹੈ, ਜੀਉਂਦਿਆਂ ਵਾਸਤੇ ਨਹੀਂ। ਅਸਾਂ ਤਾਂ ਜ਼ਿੰਦਗੀ ਹੀ ਮੌਤ ਵਿਚੋਂ ਪ੍ਰਾਪਤ ਕੀਤੀ ਹੈ। ਪਲ ਪਲ ਪਿਛੋਂ ਮੌਤ ਮੌਤ ਕਹਿ ਕੇ ਸਾਨੂੰ ਤੇਰੇ ਡਰਾਵੇ ਕੀ ਕਹਿੰਦੇ ਹਨ? ਤੇਰੀ ਪਟਾਰੀ ਵਿਚ ਮੌਤ ਦਾ ਜਿੰਨਾ ਵੀ ਵੱਡਾ ਭਿਆਨਕ ਰੂਪ ਹੈ, ਕੱਢ ਲੈ। ਅਗਲੇ ਸਿੰਘਾਂ ਉਤੇ ਤੂੰ ਅੱਤ ਦਰਜੇ ਦੇ ਅਤਿਆਚਾਰਾਂ ਦੀਆਂ ਰੀਝਾਂ ਪੂਰੀਆਂ ਕੀਤੀਆਂ ਹਨ, ਮੇਰੇ ਤੇ ਵੀ ਕਰ ਲੈ! ਖਾਲਸਾ ਹਾਜ਼ਰ ਹੈ। ਮੌਤੋਂ ਡਰ ਕੇ ਮੈਂ ਆਪਣਾ ਧਰਮ ਛਡ ਦਿਆਂਗਾ, ਇਹ ਤੇਰਾ ਖ਼ਾਮ ਖ਼ਿਆਲ ਹੈ। ਤੇਰੇ ਜਬਰ ਤੇ ਮੇਰੇ ਸਬਰ ਦੀ ਪਰਖ ਹੈ। ਤੂੰ, ਤੇਰੀ ਕਚਹਿਰੀ ਤੇ ਦੁਨੀਆ ਵੇਖ ਲਵੇਗੀ, ਇਸ ਪਰਖ ਵਿਚ ਕੌਣ ਜਿਤਦਾ ਹੈ ਤੇ ਕੌਣ ਹਾਰਦਾ ਹੈ।''

ਤੁਰੰਤ ਚਰਖੀ ਚਾੜ੍ਹਨ ਦਾ ਇਸ਼ਾਰਾ ਹੋ ਗਿਆ। ਜੱਲਾਦਾਂ ਸਿੰਘ ਨੂੰ ਪਹੀਏ ਉਤੇ ਨਰੜ ਕੇ ਗੇੜੇ ਦਿਤੇ ਤੇ ਹੱਡ ਕੜਕਾ ਦਿਤੇ। ਮਾਸ ਉਡਿਆ ਤੇ ਮੂੰਹ ਥਾਣੀ ਲਹੂ ਵਗਣ ਲੱਗਾ। ਗੁੰਦਿਆਂ ਤੇ ਭਰਿਆ ਹੋਇਆ ਦਰਸ਼ਨੀ



www.AKJ.Org

ਸਰੀਰ ਪਲ ਵਿਚ ਮਰੋੜ ਕੇ ਰਖ ਦਿਤਾ। ਜਿੰਨਾ ਚਿਰ ਹੋਸ਼ ਰਹੀ, ਸਿੰਘ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰੀ ਗਿਆ। ਜਦ ਬਿਲਕੁਲ ਬੇਹੋਸ਼ ਹੋ ਗਿਆ ਤਾਂ ਇਸ਼ਾਰਾ ਪਾ ਕੇ ਜੱਲਾਦਾਂ ਉਸ ਨੂੰ ਖੋਲ੍ਹ ਕੇ ਭੁੰਜੇ ਲਾਹ ਦਿਤਾ। ਨੀਮ ਮੁਰਦਾ ਜਿਸਮ ਨੂੰ ਚੁਕਵਾ ਕੇ ਬੰਦੀਖਾਨੇ ਭੇਜ ਦਿਓ। ਇਹ ਹੁਕਮ ਵੀ ਨਾਲ ਹੀ ਜਾਰੀ ਕਰ ਦਿਤਾ ਗਿਆ ਕਿ ਹੋਸ਼ ਆਉਣ ਤੇ ਕਲ੍ਹ ਇਸ ਨੂੰ ਕਚਹਿਰੀ ਵਿਚ ਲਿਆਂਦਾ ਜਾਵੇ। ਵੇਖਣ ਵਾਲਿਆਂ ਚੋਂ ਕੋਈ ਨਹੀਂ ਸੀ ਸਮਝਦਾ ਕਿ ਇਹ ਅਧ-ਮੋਇਆ ਸਿਖ ਕੱਲ੍ਹ ਤੱਕ ਜ਼ਿੰਦਾ ਰਹਿ ਸਕੇਗਾ। ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਅਜੇ ਸਿੰਘ ਦੀ ਕਰੜੀ ਅਜ਼ਮਾਇਸ਼ ਬਾਕੀ ਸੀ।

ਹੋਸ਼ ਆਉਣ ਤੇ ਅਗਲੇ ਦਿਨ ਫਿਰ ਪੇਸ਼ੀ ਹੋਈ। ਸਿੰਘ ਨੇ ਪਹਿਲਾਂ ਵਾਂਗ ਫਤਹ ਬੁਲਾਈ ਤੇ ਸਾਰੀ ਕਚਹਿਰੀ ਸੜ ਬਲ ਕੇ ਕੋਲਾ ਹੋ ਗਈ। ਸਭ ਤੋਂ ਜ਼ਿਆਦਾ ਔਖਿਆਈ ਦੀਵਾਨ ਲਖਪਤ ਰਾਏ ਨੂੰ ਹੋਈ। "ਸੁਣਾ ਕੁਝ ਆਇਆ ਸੁਆਦ ਚਰਖੀ ਦਾ ?" ਖਾਨ ਬਹਾਦਰ ਨੇ ਪੁਛਿਆ। "ਚਰਖੀ ਦਾ ਸੁਆਦ ?" ਤਾਰੂ ਸਿੰਘ ਜੀ ਨੇ ਉੱਤਰ ਦਿਤਾ, "ਤੂੰ ਇਸ ਅਨੰਦ ਨੂੰ ਕੀ ਜਾਣੇਂ ? ਸ਼ਮ੍ਹਾ ਉਤੇ ਪ੍ਰਵਾਨੇ ਦੇ ਪਰ ਸੜਨ ਦਾ ਸੁਆਦ ਮੱਖੀਆਂ ਨੂੰ ਨਹੀਂ ਆਉਂਦਾ। ਚਰਖੀ ਦਾ ਸੁਆਦ ਕੋਈ ਆਸ਼ਿਕ ਸਾਦਿਕ ਹੀ ਜਾਣਦੇ ਹਨ। ਕੋਈ ਅਨੰਦ ਲੈਣਾ ਹੈ ਤਾਂ ਪਲਕ ਲਈ ਆਪ ਚਰਖੀ ਤੇ ਚੜ੍ਹ ਕੇ ਵੇਖ ਲੈ।" ਏਡਾ ਟਕੋਰਾਂ ਭਰਿਆ ਤੇ ਹਤਕ ਭਰਪੂਰ ਜਵਾਬ ਸੁਣ ਕੇ ਜ਼ਕਰੀਆ ਖ਼ਾਨ ਨੂੰ ਅੱਗ ਲੱਗ ਉਠੀ। ਉਸ ਨੇ ਨਵਾਂ ਹੁਕਮ ਦਿਤਾ। ਜੱਲਾਦਾਂ ਨੇ ਜਮੂਰਾਂ ਤੇ ਤੱਤੀਆਂ ਸੀਖਾਂ ਨਾਲ ਅੱਖਰ ਅੱਖਰ ਹੁਕਮ ਪੂਰਾ ਕਰ ਦਿਤਾ। ਪਰ ਸਿੰਘ ਦੀ ਅਡੋਲਤਾ ਵਿਚ ਕੋਈ ਫ਼ਰਕ ਨਾ ਪਿਆ। ਨਾਜ਼ਿਮ ਨੇ ਫਿਰ ਆਖ਼ਰੀ ਵਾਰ ਸਮਝਾਉਣ ਦਾ ਯਤਨ ਕੀਤਾ। ਤਾਰੂ ਸਿੰਘ ਜੀ ਨੇ ਪਹਿਲਾਂ ਨਾਲੋਂ ਵੀ ਕਰੜਾ ਉੱਤਰ ਦੇਂਦਿਆਂ ਕਿਹਾ ਕਿ ਆਪਣਾ ਧਰਮ ਛਡ ਕੇ ਮੈਂ ਅਸਲਾਮ ਕਬੂਲ ਕਰ ਲਵਾਂਗਾ, ਇਹ ਬਿਲਕੁਲ ਅਨਹੋਣੀ ਗੱਲ ਹੈ। ਮੈਂ ਪਹਿਲਾਂ ਹੀ ਕਹਿ ਦਿਤਾ ਸੀ ਕਿ ਮੇਰਾ ਸਿੱਖੀ ਧਰਮ ਕੇਸਾਂ ਸੁਆਸਾਂ ਨਾਲ ਨਿਭੇਗਾ। ਤੈਨੂੰ ਭੁਲੇਖਾ ਕਿਸ ਗੱਲ ਦਾ ਹੈ ?"

ਖਾਨ ਬਹਾਦਰ ਦੇ ਗੁੱਸੇ ਦੀ ਹੱਦ ਨਾ ਰਹੀ। ਉਸ ਨੇ ਕਿਹਾ, "ਮੈਂ ਪਹਿਲਾਂ ਤੇਰੇ ਕੇਸਾਂ ਦੀ ਹੀ ਖ਼ਬਰ ਲੈਂਦਾ ਹਾਂ। ਇਨ੍ਹਾਂ ਨੂੰ ਮੁੰਨ ਕੇ ਇਨ੍ਹਾਂ ਦਾ ਵਾਣ ਵਟਾਉਂਦਾ ਹਾਂ, ਵੇਖਦਾ ਹਾਂ ਤੇਰੇ ਕੇਸ ਕਿਵੇਂ ਤੇਰੇ ਧਰਮ ਨਾਲ ਨਿਭਦੇ ਹਨ।" ਸਿੰਘ ਨੇ ਵੀ ਬੜੇ ਹੌਸਲੇ ਨਾਲ ਉੱਤਰ ਦਿਤਾ, "ਐ ਜ਼ਾਲਮ ਹਾਕਿਮ! ਮੇਰੇ ਸਤਿਗੁਰੂ ਨੂੰ ਮਨਜ਼ੂਰ ਹੋਇਆ ਤਾਂ ਮੇਰੀ ਸਿੱਖੀ ਕੇਸਾਂ ਸੁਆਸਾਂ ਨਾਲ ਨਿਭੇਗੀ। ਪਰ ਤੈਨੂੰ ਖਾਲਸੇ ਦੀ ਜੁੱਤੀ ਅੱਗੇ ਲੱਗ ਕੇ ਜਾਣਾ ਪਵੇਗਾ।"

ਲੋਹੇ ਲਾਖੇ ਹੋਏ ਖਾਨ ਬਹਾਦਰ ਨੇ ਝਟ ਮੋਚੀ ਮੰਗਵਾ ਕੇ ਹੁਕਮ ਦਿਤਾ, "ਤਾਰੂ ਸਿੰਘ ਨੂੰ ਅਪਣੇ ਕੇਸਾਂ ਦਾ ਬਹੁਤ ਮਾਣ ਹੈ। ਇਸ ਢੰਗ ਨਾਲ ਇਸ ਦੇ ਕੇਸ ਉਤਾਰ ਦਿਉ ਕਿ ਮੁੜ ਕੇ ਉੱਗ ਹੀ ਨਾ ਸਕਣ। ਰੰਬੀ ਨਾਲ ਸਣੇ ਕੇਸਾਂ ਖੋਪਰੀ ਹੀ ਉਡਾ ਦਿਉ।"

ਹੁਕਮ ਮਿਲਦਿਆਂ ਸਾਰ ਜੱਲਾਦ ਉਸ ਦੀਆਂ ਲੱਤਾਂ ਤੇ ਬਾਹੀਂ ਬੰਨ੍ਹਣ ਲੱਗੇ। ਸਿੰਘ ਨੇ ਇਤਰਾਜ਼ ਕੀਤਾ, "ਇਹ ਕਿਉਂ ?" ਬੰਨ੍ਹਣ ਵਾਲਿਆਂ ਕਿਹਾ ਕਿ ਤੇਰੀ ਖੋਪਰੀ ਲਥਣੀ ਹੈ । ਰੰਬੀ ਦੀ ਵਾਢ ਨਾਲ ਤੂੰ ਤੜਫੇਗਾ ਤੇ ਮੋਚੀ ਦੇ ਕੰਮ ਵਿਚ ਵਿਘਨ ਪਵੇਗਾ। ਇੰਜ ਕੰਮ ਨੂੰ ਵਾਧੂ ਦੇਰ ਲੱਗੇਗੀ।

ਤਾਰੂ ਸਿੰਘ ਨੇ ਉਨ੍ਹਾਂ ਨੂੰ ਰੋਕਦਿਆਂ ਹੋਇਆਂ ਕਿਹਾ, "ਮੈਂ ਕੋਈ ਭੇਡ ਬੱਕਰੀ ਨਹੀਂ ਹਾਂ, ਜਿਸ ਨੂੰ ਤੁਸੀਂ ਹਲਾਲ ਕਰਨ ਲੱਗੇ ਹੋ ਅਤੇ ਜਿਸਨੂੰ ਢਾਹ ਕੇ ਨਪਣਾ ਘੁਟਣਾ ਤੁਹਾਡੇ ਲਈ ਜ਼ਰੂਰੀ ਹੈ । ਮੈਂ ਕਲਗੀਧਰ ਦਾ ਸਿੰਘ ਹਾਂ ਤੇ ਆਪਣੇ ਪਿਆਰੇ ਤੋਂ ਕੁਰਬਾਨ ਹੋਣ ਲੱਗਾ ਹਾਂ। ਤੁਸੀਂ ਮੈਨੂੰ ਜੂੜ ਬੰਨ੍ਹ ਕੇ ਖੋਪਰ ਲਾਹ ਦਿਉ ਤਾਂ ਇਹ ਕੁਰਬਾਨੀ ਕਾਹਦੀ ਹੈ ? ਰੰਬੀ ਚਲਣ ਨਾਲ ਦਰਦ ਮੈਨੂੰ ਨਹੀਂ, ਸਗੋਂ ਤੁਹਾਨੂੰ ਹੋਵੇਗੀ, ਤੁਹਾਡੇ ਖਾਨ ਬਹਾਦਰ ਨੂੰ ਹੋਵੇਗੀ। ਤੁਸੀਂ ਮੋਚੀ ਤੋਂ ਜਿਵੇਂ ਜੀਅ ਚਾਹਵੇ, ਰੰਬੀ ਚਲਵਾਉ। ਮੈਂ ਸੀ ਵੀ ਨਹੀਂ ਕਰਾਂਗਾ। ਤੜਫਣਾ ਤਾਂ ਇਕ ਪਾਸੇ ਰਿਹਾ, ਮੈਂ ਹਿਲਾਂਗਾ ਵੀ ਨਹੀਂ। ਤੁਸੀਂ ਆਪਣੇ ਮਨ ਦੀਆਂ ਪੂਰੀਆਂ ਕਰੋ, ਸਾਨੂੰ ਆਪਣੇ ਮਨ ਦੀ ਕਰਨ ਦਿਉ ।"



www.AKJ.Org

ਭਾਈ ਤਾਰੂ ਸਿੰਘ ਚੌਂਕੜਾ ਮਾਰ ਕੇ, ਬਾਹਾਂ ਪਿਛਲੇ ਪਾਸੇ ਕਰ ਕੇ ਹੱਥ ਭੁੰਜੇ ਲਾ ਕੇ ਚੰਗੀ ਤਰ੍ਹਾਂ ਬੈਠ ਗਿਆ, ਮਾਨੋ ਰੰਬੀ ਉਤੇ ਹਥੌੜੀ ਦੀ ਸੱਟ ਵਿਰੁਧ ਟੱਗ ਰਖਣ ਦਾ ਯਤਨ ਕਰ ਰਿਹਾ ਹੋਵੇ ਕਿ ਮੋਚੀ ਨੂੰ ਉਸ ਦੀ ਕਾਰਵਾਈ ਵਿਚ ਕੋਈ ਔਖਿਆਈ ਨਾ ਹੋਵੇ। ਮੋਚੀ ਰੰਬੀ ਦੀ ਧਾਰ ਕੱਢ ਕੇ ਭਾਈ ਤਾਰੂ ਸਿੰਘ ਜੀ ਦੇ ਪਾਸ ਬਿਲਕੁਲ ਉਸ ਦੇ ਰੂਬਰੂ ਬੈਠ ਗਿਆ। ਮੱਥੇ ਉਤੇ ਵਾਲਾਂ ਦੀ ਪਾਲ ਤੋਂ ਵਾਹਵਾ ਥਲੇ ਰੰਬੀ ਰਖ ਕੇ ਪਿਛੋਂ ਹਥੌੜੀ ਦੀ ਸੱਟ ਮਾਰ ਕੇ ਰੰਬੀ ਚੰਗੂ ਅੰਦਰ ਧਸਾ ਦਿਤੀ। ਰੰਬੀ ਪੁਟਦਿਆਂ ਲਹੂ ਦੀਆਂ ਧਾਰਾਂ ਛੁਟ ਪਈਆਂ। ਫਿਰ ਸੱਜੇ ਖੱਬੇ ਦੋਂਹ ਕੰਨਾਂ ਦੇ ਪਿਛਲੇ ਪਾਸੇ ਤਕ ਇਸ ਤਰ੍ਹਾਂ ਨਾਲ ਨਾਲ ਰਖ ਕੇ ਗਿੱਚੀ ਛੱਡ ਕੇ ਇਕ ਧਾਰ ਦੀ ਸ਼ਕਲ ਦਾ ਲੰਮਾ ਜ਼ਖਮ ਲਾ ਲਿਆ। ਖ਼ੂਨ ਦੀਆਂ ਧਾਰਾਂ ਮੂੰਹ ਉਤੋਂ ਦੀ ਦਾੜ੍ਹੇ ਥਾਣੀ ਹੋ ਕੇ ਪੇਟ ਤੋਂ ਵਗ ਕੇ ਚੌਕੜਾ ਵਜੇ ਪੱਟਾਂ ਉਤੇ ਦੀ ਵਗ ਕੇ ਜ਼ਮੀਨ ਉਤੇ ਵਹਿਣ ਲਗੀਆਂ। ਸਿੰਘ 'ਅਕਾਲ' 'ਅਕਾਲ' ਜਪੀ ਜਾਵੇ ਤੇ ਮੋਚੀ ਰੰਬੀ ਦਾ ਉੜੇਸਣਾ ਦੇ ਦੇ ਕਚਰ ਕਚਰ ਖੋਪਰੀ ਉਤਾਰੀ ਗਿਆ। ਭਾਈ ਤਾਰੂ ਸਿੰਘ ਖ਼ੂਨ ਤੇ ਬੋਟੀਆਂ ਦੇ ਛਪੜ ਵਿਚ ਬੈਠਾ ਹੋਇਆ ਸੀ। ਮੋਚੀ ਦੀ ਰੰਬੀ ਤੇ ਹੱਥ ਖ਼ੂਨ ਨਾਲ ਲੱਤ-ਪੱਤ ਹੋਏ ਸਨ। ਹੁਣ ਉਹ ਉਠ ਕੇ ਖ਼ੂਨ ਦੇ ਛਪੜ ਵਿਚ ਖਲੋਤਾ ਹੋਇਆ ਸਿਰ ਦੇ ਪਿਛਲੇ ਪਾਸੇ ਵਾਲਾ ਖੋਪਰੀ ਦਾ ਹਿਸਾ ਲਾਹ ਰਿਹਾ ਸੀ। ਵੇਖਣ ਵਾਲੇ ਸਾਰੇ, ਇਹ ਖ਼ੂਨੀ ਨਜ਼ਾਰਾ ਵੇਖ ਕੇ ਤ੍ਰਾਹਮਾਨ ਤ੍ਰਾਹਮਾਨ ਕਰ ਰਹੇ ਸਨ। ਕਈ ਤਾਂ ਇਸ ਭਿਆਨਕ ਝਾਕੀ ਨੂੰ ਵੇਖਣ ਦੀ ਤਾਬ ਨਾ ਝਲਦੇ ਹੋਏ ਉਥੋਂ ਲਾਂਭੇ ਹੋ ਗਏ। ਕਈ ਦੰਦਾਂ ਥਲੇ ਜੀਭ ਦਈ ਕਸੀਸ ਵੱਟੀ ਖੜੇ ਸਨ, ਵੇਖਣ ਲਈ ਕਿ ਇਸ ਤੋਂ ਅੱਗੇ ਕੀ ਹੁੰਦਾ ਹੈ। ਸਾਰੇ ਹੈਰਾਨ ਸਨ ਕਿ ਇਹ ਸਿਖ ਏਨੀ ਪੀੜ ਕਿਵੇਂ ਜਰੀ ਜਾ ਰਿਹਾ ਹੈ ? ਉਹ ਅਡੋਲ-ਚਿਤ ਬੈਠਾ ਹੋਇਆ ਸੀ।

ਖੋਪਰੀ ਹੁਣ ਗਿਚੀ ਤਕ ਲਥ ਗਈ, ਕੇਵਲ ਪਿਛਲਾ ਹਿੱਸਾ ਅਜੇ ਧੌਣ ਨਾਲ ਜੁੜਿਆ ਹੋਇਆ ਸੀ। ਮੋਚੀ ਨੇ ਰੰਬੀ ਦੇ ਮੂੰਹ ਤੋਂ ਉਂਗਲ ਨਾਲ ਬੋਟੀਆਂ ਸਾਫ਼ ਕਰ ਕੇ ਉਸ ਨੂੰ ਥੋੜਾ ਜਿਹਾ ਫਿਰ ਤੇਜ਼ ਕੀਤਾ। ਫਿਰ ਗਿਚੀ ਤਕ ਦੇ ਵਾਲਾਂ ਵਾਲਾ ਹਿਸਾ ਇਕੋ ਰਗੜੇ ਵਿਚ ਵੱਢ ਕੇ ਕੇਸਾਂ ਤੋਂ ਫੜ ਕੇ ਖੋਪਰ ਉਤਾਂਹ ਹੀ ਚੁਕ ਲਈ। ਇਕ ਹੱਥ ਵਿਚ ਰੰਬੀ, ਦੂਜੇ ਵਿਚ ਖੋਪਰੀ ਚੁਕ ਕੇ ਪਹਿਲਾਂ ਸਿੰਘ ਵਲ ਤੇ ਫੇਰ ਜ਼ਕਰੀਆ ਖਾਨ ਵਲ ਤਕਿਆ, ਮਾਨੋ ਪੁਛ ਰਿਹਾ ਹੋਵੇ ਹੁਕਮ ਦੀ ਤਾਮੀਲ ਵਿਚ ਕੋਈ ਕਸਰ ਤਾਂ ਨਹੀਂ ਰਹਿ ਗਈ। ਸੂਬੇਦਾਰ ਨੇ ਸਿਰ ਹਿਲਾ ਕੇ ਤਾਮੀਲ ਦੀ ਪੂਰਤੀ ਲਈ ਸ਼ਾਬਾਸ਼ ਦਿਤੀ। ਫਿਰ ਇਸ਼ਾਰਾ ਪਾ ਕੇ ਖੋਪਰ ਭਾਈ ਤਾਰੂ ਸਿੰਘ ਤੋਂ ਜ਼ਰਾ ਕੁ ਹਟ ਕੇ ਉਸ ਦੇ ਸਾਮ੍ਹਣੇ ਹੀ ਰਖ ਦਿਤੀ।

ਭਾਈ ਤਾਰੂ ਸਿੰਘ ਉਸੇ ਤਰ੍ਹਾਂ ਹੀ ਪਿਛਾਂਹ ਹੱਥ ਲਾਈ ਖੂਨ ਵਿਚ ਗੜੁਚ ਉਸ ਲਹੂ ਬੋਟੀਆਂ ਨਾਲ ਬਣੇ ਛਪੜ ਵਿਚ ਅਡੋਲ ਬੈਠਾ ਸੀ। ਖ਼ੂਨ ਨਾਲ ਭਿੱਜੀਆਂ ਅੱਖਾਂ ਨਾਲ ਖਾਨ ਬਹਾਦਰ ਵੱਲ ਤਕਿਆ ਤੇ ਪੁਛਿਆ, "ਖਾਨ ਬਹਾਦਰ ! ਕੋਈ ਹੋਰ ਅਰਮਾਨ ਜੇ ਪੂਰਾ ਕਰਨ ਵਾਲਾ ਰਹਿੰਦਾ ਹੋਵੇ ਤਾਂ ਸਿੰਘ ਹਾਜ਼ਰ ਹੈ।" ਆਸ਼ਿਕ ਨੇ ਆਪਣੇ ਪਿਆਰੇ ਤੋਂ ਪ੍ਰੇਮ-ਰਸ ਪਾਉਣ ਲਈ ਖੋਪਰੀ ਦਾ ਕਾਸਾ ਬਣਾ ਲਿਆ ਸੀ। ਖਾਨ ਬਹਾਦਰ ਉਸ ਨਾਲ ਅੱਖਾਂ ਨਾ ਮਿਲਾ ਸਕਿਆ। ਹੁਣ ਤਕ ਖ਼ਨ ਕਾਫ਼ੀ ਵਗ ਚੁਕਿਆ ਸੀ। ਕੁਝ ਦੇਰ ਬਾਅਦ ਤਾਰੂ ਸਿੰਘ ਬੇਹੋਸ਼ ਹੋ ਕੇ ਉਸ ਖੂਨ ਦੀ ਬਣੀ ਝੀਲ ਵਿਚ ਡਿਗ ਪਿਆ।

ਇਹ ਸਭ ਕੁਝ ਉਸ ਥਾਂ ਹੋਇਆ, ਜਿਸ ਨੂੰ ਸ਼ਹੀਦ ਗੰਜ ਸਿੰਘਣੀਆਂ (ਲਾਹੌਰ ਰੇਲਵੇ ਸਟੇਸ਼ਨ ਦੇ ਐਨ ਸਾਮ੍ਹਣੇ ਤੇ ਬਿਲਕੁਲ ਪਾਸ ਹੀ) ਕਹਿੰਦੇ ਹਨ। ਇਤਿਹਾਸਾਂ ਵਿਚ ਇਸ ਥਾਂ ਨੂੰ ਨਖਾਸ ਚੌਂਕ ਲਿਖਿਆ ਹੈ। ਅੱਜ ਇਹ ਥਾਂ ਲੰਡਾ ਬਾਜ਼ਾਰ ਅਖਵਾਉਂਦਾ ਹੈ। ਇਥੇ ਨਾਜ਼ਮ ਲਾਹੌਰ ਦੀ ਕਚਹਿਰੀ ਸੀ। ਇਸਦੇ ਦੁਆਲੇ ਡੂੰਘੀ ਖਾਈ ਜਿਹੀ ਬਣੀ ਹੋਈ ਸੀ। ਭਾਈ ਤਾਰੂ ਸਿੰਘ ਜੀ ਨੂੰ, ਜੋ ਨੀਮ ਮੁਰਦਾ ਹਾਲਤ ਵਿਚ ਸੀ, ਇਸ ਖਾਈ ਵਿਚ ਸੁਟਾ ਦਿਤਾ ਗਿਆ।

(ਚਲਦਾ)


www.AKJ.Org

# ਗੁਰੂ ਮਾਨੀਓ ਗ੍ਰੰਥ

[ਸ: ਰਣਬੀਰ ਸਿੰਘ ਜੀ ਟੈਲੀਫੋਨ ਇੰਜੀਨੀਅਰ (ਰੀ:), ਸ੍ਰੀ ਅੰਮ੍ਰਿਤਸਰ]

ਪ੍ਰਸਿਧ ਵਿਦਵਾਨ ਇਤਿਹਾਸਕਾਰ ਆਰਨਲਡ ਟਾਇਨਬੀ ਨੇ ਲਿਖਿਆ ਹੈ ਕਿ ਜਦੋਂ ਸਾਰਾ ਜਗਤ ਕੋਈ ਧਰਮ ਅਪਣਾਏਗਾ ਤਾਂ ਉਹ ਧਰਮ ਅੱਜ ਦੇ ਰਸਮੀ ਕਰਮ-ਕਾਂਡਾਂ ਜਾਂ ਮਿਥਿਹਾਸ ਵਾਲਾ ਨਹੀਂ ਹੋਵੇਗਾ, ਸਗੋਂ ਉਸਦਾ ਮੂਲ-ਅਧਾਰ "ਸੇਵਾ ਤੇ ਸ਼ਬਦ" ਹੋਵੇਗਾ। ਉਥੇ ਹੀ ਉਸਨੇ ਉਦਾਹਰਨ ਵਜੋਂ ਕਿਹਾ ਹੈ ਕਿ ਸੇਵਾ ਦਾ ਆਦਰਸ਼ ਤਾਂ ਇਸਾਈਆਂ ਨੇ ਅਪਣਾ ਲਿਆ ਤੇ ਸ਼ਬਦ ਦਾ ਪ੍ਰਯੋਗ ਸਿੱਖ ਧਰਮ ਦੀ ਗ੍ਰੰਥ-ਪੂਜਾ ਤੋਂ ਦੇਖਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਹ ਮੁੱਢ ਤੋਂ ਹੀ ਦੇਖ ਲਿਆ ਸੀ ਕਿ ਜੇ ਧਰਮ ਨੇ ਸਰਬ-ਵਿਆਪੀ ਬਣਨਾ ਹੈ ਤਾਂ ਸ਼ਬਦ ਨੂੰ ਹੀ ਪਹਿਲ ਦੇਣੀ ਹੋਵੇਗੀ ਅਤੇ ਲੋਕਾਂ ਨੂੰ ਸ਼ਖਸੀ ਪੂਜਾ ਤੋਂ ਹਟਾਉਣਾ ਪਵੇਗਾ। ਗੁਰੂ ਜੀ ਨੇ ਹਰ ਵੇਲੇ, ਹਰ ਥਾਂ ਅਤੇ ਹਰ ਇਕ ਨੂੰ ਸ਼ਬਦ ਦੇ ਹੀ ਲੜ ਲਾਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਕਰਾਮਾਤ ਹੀ ਸ਼ਬਦ ਨੂੰ ਕਿਹਾ ਹੈ, ਜਦ ਸਿੱਧਾਂ ਨੇ ਕੋਈ ਕਰਾਮਾਤ ਦਿਖਾਉਣ ਲਈ ਆਖਿਆ ਤਦ ਭੀ ਆਪ ਨੇ "ਬਾਝਹੁ ਸਚੇ ਨਾਮ ਦੇ ਹੋਰ ਕਰਾਮਾਤਿ ਅਸਾਥੇ ਨਾਹੀ*" ਹੀ ਫੁਰਮਾਇਆ। ਜਦ ਫਿਰ ਸਿਧਾਂ ਨੇ ਗੁਰੂ ਨਾਨਕ ਜੀ ਨੂੰ ਇਤਨੀ ਵੱਡੀ ਸ਼ਕਤੀ ਦੇ ਮਾਲਕ ਹੋਣ ਦਾ ਰਹੱਸ ਪੁਛਿਆ ਤਾਂ ਭੀ ਆਪ ਜੀ ਨੇ "ਗੁਰ-ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ**" ਹੀ ਕਿਹਾ। ਭਾਈ ਗੁਰਦਾਸ ਜੀ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਦੁਆਰਾ ਹੀ ਸਾਰੀ ਪ੍ਰਿਥਵੀ ਜਿੱਤੀ ਅਤੇ ਜਗਿਆਸੂਆਂ ਲਈ ਨਵਾਂ ਨਿਵੇਕਲਾ ਅਤੇ ਅਲੌਕਿਕ ਰਾਹ ਬਣਾਇਆ।

ਸਿੱਧਾਂ ਨੇ ਅੱਚਲ ਵਟਾਲੇ ਵਿਚ ਇਕ ਵਾਰੀ ਫਿਰ ਗੁਰੂ ਨਾਨਕ ਜੀ ਨੂੰ ਜ਼ੇਰ ਕਰਨ ਲਈ ਆਪਣੇ ਮੱਤ ਦਾ ਅਨੁਯਾਈ ਬਨਾਣ ਲਈ ਸਿਰ ਤੋੜ ਕੋਸ਼ਿਸ਼ ਕੀਤੀ। ਉਹਨਾਂ ਸਵਾਲਾਂ ਦੀ ਬੁਛਾੜ ਕੀਤੀ ਤੇ ਪੁੱਛਿਆ—

ਕਵਣ ਮੂਲੁ, ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥੪੩॥ (੯੪੨)
ਕਵਣ ਕਥਾ ਲੇ ਰਹਹੁ ਨਿਰਾਲੇ ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥
ਏਸੁ ਕਥਾ ਕਾ ਦੇਇ ਬੀਚਾਰੁ ॥ ਭਵਜਲੁ ਸਬਦਿ ਲੰਘਾਵਣਹਾਰੁ ॥੪੩॥ (੯੪੨-੪੩)

ਜੀਵਨ ਦਾ ਮੂਲ ਕੀ ਹੈ, ਕਿਹੜੀ ਸਿਖਿਆ ਲੈਣ ਦਾ ਵੇਲਾ ਹੈ ਅਤੇ ਤੂੰ ਕਿਸ ਗੁਰੂ ਦਾ ਚੇਲਾ ਹੈਂ ? ਫਿਰ ਉਹਨਾਂ ਇਹ ਭੀ ਕਿਹਾ, "ਬਾਲੇ ਨਾਨਕ, ਸਾਨੂੰ ਦੱਸ, ਸ਼ਬਦ ਦੇ ਰਾਹੀਂ ਗੁਰੂ ਇਸ ਜੀਵ ਨੂੰ ਸੰਸਾਰ-ਸਮੁੰਦਰ ਤੋਂ ਪਾਰ ਕਰਨ ਦੇ ਸਮਰੱਥ ਕਿਵੇਂ ਹੈ ?"

ਗੁਰੂ ਜੀ ਨੇ ਉਨ੍ਹਾਂ ਨੂੰ ਉਤਰ ਦਿੱਤਾ ਕਿ ਪ੍ਰਾਣ ਹੀ ਹਸਤੀ ਦਾ ਮੁੱਢ ਹਨ। ਇਹ ਮਨੁਖਾ ਜਨਮ ਦਾ ਸਮਾਂ ਹੀ ਸਤਿਗੁਰਾਂ ਦੀ ਸਿਖਿਆ ਲੈਣ ਦਾ ਸਮਾਂ ਹੈ। ਸ਼ਬਦ ਮੇਰਾ ਗੁਰੂ ਹੈ ਤੇ ਆਪਣੀ ਸੁਰਤ ਨੂੰ, ਜਿਸ ਵਿਚ ਸ਼ਬਦ ਦੀ ਧੁਨੀ ਵਜਦੀ ਹੈ, ਚੇਲਾ ਬਣਾਇਆ ਹੈ—

ਪਵਨ ਅਰੰਭੁ, ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ, ਸੁਰਤਿ ਧੁਨਿ ਚੇਲਾ ॥......੪੪॥ (੯੪੩)

ਫਿਰ ਪਾਤਸ਼ਾਹ ਨੇ ਕਿਹਾ ਕਿ ਅਕੱਥ ਪ੍ਰਭੂ ਦੇ ਗੁਣ ਗਾ ਗਾ ਕੇ ਮਾਇਆ ਤੋਂ ਨਿਰਲੇਪ ਰਹਿੰਦਾ ਹਾਂ ਅਤੇ ਇਹ ਸੋਝੀ ਆ ਜਾਂਦੀ ਹੈ ਕਿ ਉਹ ਗੁਰ ਗੋਪਾਲ ਹਰੇਕ ਜੁਗ ਵਿਚ ਮੌਜੂਦ ਹੈ। ਉਸਦੇ ਗੁਣ ਕੇਵਲ ਗੁਰ-ਸ਼ਬਦ ਰਾਹੀਂ ਹੀ ਗਾਏ ਤੇ ਵਿਚਾਰੇ ਜਾ ਸਕਦੇ ਹਨ ਅਤੇ ਇਹ ਸ਼ਬਦ ਹੀ ਹਉਮੈ ਦੀ ਅੱਗ ਅੰਦਰੋਂ ਦੂਰ ਕਰਦਾ ਹੈ—

ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥ (੯੪੩-੪੪)

ਸਿਧਾਂ ਦਾ ਖਿਆਲ ਸੀ ਕਿ ਗੁਰੂ ਨਾਨਕ ਨੂੰ ਨਿਗੂਣਾ ਸਾਬਤ ਕਰ ਕੇ ਉਸਦੇ ਸਾਰੇ ਹੀ ਸਿਧਾਂਤਾਂ ਦੀ ਕਮਜ਼ੋਰੀ

---

* ਭਾਈ ਗੁਰਦਾਸ ਜੀ ਵਾਰ ੧, ਪਉੜੀ ੪੩, ** ਵਾਰ ੧, ਪਉੜੀ ੪੨



www.AKJ.Org

ਪ੍ਰਗਟਾਅ ਦਿਆਂਗੇ, ਪਰ ਗੁਰੂ ਜੀ ਦੇ ਉਤਰਾਂ ਨੇ ਉਨ੍ਹਾਂ ਨੂੰ ਨਿਰੁਤਰ ਕਰ ਦਿਤਾ ਅਤੇ ਨਮਸ਼ਕਾਰ ਕਰਕੇ "ਧੰਨੁ ਨਾਨਕ ਤੇਰੀ ਵਡੀ ਕਮਾਈ" ਕਹਿ ਕੇ ਵਾਪਸ ਚਲੇ ਗਏ। ਸਿੱਧ ਅਤੇ ਲੋਕੀ ਸਮਝ ਗਏ ਕਿ ਸੰਸਾਰ-ਸਮੁੰਦਰ ਤੋਂ ਤਰਨ ਦਾ ਰਾਹ "ਸੁਰਤ ਦਾ ਸ਼ਬਦ ਵਿਚ ਟਿਕਾਉਣਾ" ਹੈ।

ਸੁਰਤਿ ਸਬਦਿ ਭਵਸਾਗਰੁ ਤਰੀਐ, ਨਾਨਕ ਨਾਮੁ ਵਖਾਣ ॥...੫॥ (੯੩੮)

ਫਿਰ ਜਦੋਂ ਆਪ ਜੀ ਭਾਈ ਲਹਿਣਾ ਜੀ ਨੂੰ ਗੁਰ-ਗੱਦੀ ਦੇਣ ਲੱਗੇ ਤਾਂ ਵੀ ਸ਼ਬਦ ਅੱਗੇ ਹੀ ਸਿਰ ਨਿਵਾਉਣ ਲਈ ਕਿਹਾ ਅਤੇ ਫ਼ੁਰਮਾਇਆ ਕਿ ਬਾਣੀ ਨੇ ਹੀ ਸਭ ਨੂੰ ਅਗਵਾਈ ਦੇਣੀ ਹੈ–

ਸ਼ਬਦੁ ਗੁਰ ਪੀਰਾ ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ ॥੮॥੧॥ (੯੩੫)

ਜਨਮ ਸਾਖੀ ਵਿਚ ਲਿਖਿਆ ਹੈ ਕਿ ਗੁਰੂ ਪ੍ਰਸੰਨ ਹੋਕਰ ਬਾਣੀ ਦਾ ਖਜਾਨਾ ਗੁਰੂ ਅੰਗਦ ਦੇਵ ਜੀ ਦੇ ਹਵਾਲੇ ਕੀਤਾ। ਮੇਹਰਬਾਨ ਵੀ ਆਪਣੀ ਸਾਖੀ ਵਿਚ ਲਿਖਦਾ ਹੈ, ਤੱਬ ਗੁਰੂ ਨਾਨਕ ਜੀ ਗੁਰੂ ਅੰਗਦ ਕਉ 'ਸ਼ਬਦ' ਕੀ ਥਾਪਣਾ ਦੇਕਰ ਸੰਮਤ ੧੫੯੬ ਅਸੂ ਵਦੀ ਦਸਮੀ ਕਉ ਆਪ ਸਚ-ਖੰਡ ਸਿਧਾਰੇ" ॥ ਮਹੱਤਵਪੂਰਨ ਗੱਲ ਇਹ ਹੈ ਕਿ ਸ਼ਬਦ ਨੂੰ ਯੋਗ ਤੇ ਪੂਰਨ ਵਡਿਆਈ ਦੀ ਥਾਂ ਗੁਰੂ ਨਾਨਕ ਜੀ ਨੇ ਹੀ ਦੇਣਾ ਅਰੰਭ ਕਰ ਦਿੱਤਾ ਸੀ। ਗੁਰੂ ਅਰਜਨ ਦੇਵ ਜੀ ਤੱਕ ਇਹ ਮਰਯਾਦਾ ਪੱਕੀ ਹੋ ਗਈ ਅਤੇ ਗੁਰੂ ਅਰਜਨ ਦੇਵ ਜੀ ਨੇ ਬਖਸ਼ਸ਼ ਕਰਦੇ ਹੋਏ ਸਾਰੀ ਬਾਣੀ, ਜੋ ਪੋਥੀਆਂ ਦੀ ਸ਼ਕਲ ਵਿਚ ਉਹਨਾਂ ਕੋਲ ਸੀ, ਉਸਨੂੰ "ਪੋਥੀ" ਸਾਹਿਬ ਵਿਚ ਸੰਪਾਦਿਤ ਕੀਤਾ।

ਗੁਰੂ ਨਾਨਕ ਜੀ ਉਦਾਸੀਆਂ ਸਮੇਂ ਬਾਣੀ ਆਪਣੀ 'ਕਿਤਾਬ' ਵਿਚ ਦਰਜ ਕਰਦੇ ਜਾਂਦੇ ਸਨ। ਭਾਈ ਗੁਰਦਾਸ ਜੀ ਦੀ ਗਵਾਹੀ ਅਨੁਸਾਰ 'ਕਿਤਾਬ' ਉਹ ਸਦਾ ਪਾਸ ਰਖਦੇ ਸਨ। ਇਹ ਖ਼ਜ਼ਾਨਾ ਗੁਰੂ ਨਾਨਕ ਸਾਹਿਬ ਤੋਂ ਗੁਰੂ ਅੰਗਦ ਸਾਹਿਬ, ਫਿਰ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਪਾਸ ਗੁਰ-ਗਦੀ ਦੀ ਰਸਮ ਸਮੇਂ ਪੁਜਦਾ ਰਿਹਾ।

ਗੁਰੂ ਅਰਜਨ ਦੇਵ ਜੀ ਨੇ ਆਪਣੀ ਨਿਗਰਾਨੀ ਵਿਚ ਭਾਈ ਗੁਰਦਾਸ ਜੀ ਨੂੰ ਲਿਖਣ ਦਾ ਕੰਮ ਸੌਂਪਿਆ। ਗੁਰੂ ਜੀ ਨੇ ਗੁਰੂ ਵਿਅਕਤੀਆਂ ਦੀ ਬਾਣੀ ਤੋਂ ਇਲਾਵਾ ਭਗਤਾਂ ਦੀ ਬਾਣੀ, ਸੱਤਾ ਬਲਵੰਡ ਦੀ ਆਖੀ ਵਾਰ, ਸੁੰਦਰ ਦਾ ਲਿਖਿਆ ਰਾਮਕਲੀ ਵਿਚ ਸੱਦ ਅਤੇ ਭੱਟਾਂ ਦੇ ਉਚਾਰੇ ਕੁਲ ੧੨੩ ਸਵਈਏ ਦਰਜ ਕਰ ਕੇ 'ਆਦਿ ਗੁਰੂ ਗ੍ਰੰਥ' ਭਾਦਰੋਂ ਵਦੀ ਏਕਮ ਨੂੰ ਸੰਪੂਰਨ ਕੀਤਾ ਅਤੇ ਪੂਰੇ ਪੰਦਰਾਂ ਦਿਨਾਂ ਬਾਅਦ ਭਾਦਰੋਂ ਸੁਦੀ ਏਕਮ, ਸੰਨ ੧੬੦੪ ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕੀਤਾ ਅਤੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਥਾਪਿਆ। ਉਸ ਦਿਨ ਵਾਕ ਆਇਆ ਸੀ :–ਵਿਚਿ ਕਰਤਾ ਪੁਰਖੁ ਖਲੋਆ ॥ ਵਾਲੁ ਨ ਵਿੰਗਾ ਹੋਆ ॥...... ਪੰਨਾ ੬੨੩

ਗੁਰੂ ਅਰਜਨ ਜੀ ਨੇ ਅੰਤਕਾ 'ਮੁੰਦਾਵਣੀ' ਪਾ ਕੇ ਸਾਰੇ ਵਿਸ਼ਵ ਲਈ ਆਤਮਿਕ ਕੁੰਡ ਪ੍ਰਾਪਤ ਕਰਨ ਲਈ ਜੁੱਗਤੀ ਦੱਸੀ। ਮੁੰਦਾਵਣੀ ਸੰਸਕ੍ਰਿਤ ਦੇ ਅਖਰ ਮੁੱਦ੍ਰਾ ਤੋਂ ਬਣਿਆ ਹੈ ਅਤੇ ਮੁੱਦ੍ਰਾ ਦੇ ਅਰਥ ਹਨ ਪ੍ਰਸੰਨ ਕਰਨਾ ਅਤੇ ਮੁੰਦਾਵਣੀ ਦੇ ਅਰਥ ਹਨ "ਆਤਮਕ ਪ੍ਰਸੰਨਤਾ ਦੇਣ ਵਾਲੀ ਵਸਤੂ"। ਆਤਮਕ ਪ੍ਰਸੰਨਤਾ ਤਾਂ ਹੀ ਮਿਲੇਗੀ, ਜੇ ਪੁਰਸ਼ ਹਿਰਦੇ ਰੂਪੀ ਥਾਲ ਵਿਚ ਉੱਚਾ ਆਚਰਨ, ਸੰਤੋਖ ਅਤੇ ਆਤਮਕ ਜੀਵਨ ਦੀ ਸੂਝ ਰਖੇਗਾ। ਕੋਈ ਪੁਰਸ਼ ਇਨ੍ਹਾਂ ਨੂੰ ਤਿਆਗ ਕੇ ਸੁਖ ਨਹੀਂ ਲੈ ਸਕਦਾ। ਇਸ ਦੀ ਬਰਕਤ ਦਾ ਸਦਕਾ ਪ੍ਰਭੂ ਦੇ ਦਰ ਜਾਣ ਲਈ ਵਿਕਾਰਾਂ ਤੋਂ ਬਣਿਆ ਘੁਪ-ਹਨੇਰਾ-ਸੰਸਾਰ-ਸਮੁੰਦਰ ਤਰਿਆ ਜਾ ਸਕੇਗਾ ਅਤੇ ਹਰ ਥਾਂ ਪ੍ਰਮਾਤਮਾ ਹੀ ਪ੍ਰਮਾਤਮਾ ਦਿਸੇਗਾ। ਜ਼ਿੰਦਗੀ ਦਾ ਮੂਲ ਹੀ ਇਹ ਹੈ ਕਿ ਪ੍ਰਮਾਤਮਾ ਤੇ ਉਸਦਾ ਪ੍ਰਕਾਸ਼ ਹਰ ਥਾਂ ਵੇਖਣਾ। 'ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ", ਇਹ ਹੀ ਜਪ, ਸਿਮਰਨ, ਨਾਮ, ਰਜ਼ਾ, ਨਦਰ ਦਾ ਸਿੱਟਾ ਹੈ। ਗੁਰੂ ਸਾਹਿਬਾਂ ਨੇ ਕੁਲ ਰਲਾ ਕੇ ੩੦ ਰਾਗਾਂ ਵਿਚ ਬਾਣੀ ਲਿਖੀ ਹੈ, ਜਿਸ ਵਿਚ ਇਤਨੀ ਇਹਤਿਆਤ ਵਰਤੀ ਕਿ ਕੋਈ ਭੜਕਾਊ, ਗਰਮਾਊ ਅਤੇ ਅਤਿ ਹਰਖ ਜਾਂ ਸੋਗ ਦਾ ਰਾਗ ਨਹੀਂ ਵਰਤਿਆ। ਸਿਖੀ ਨਾ ਤਾਂ ਸੋਗ ਦਾ ਨਾਮ ਹੈ ਅਤੇ ਨਾ ਹੀ ਆਫਰ ਆਫਰ ਕੇ ਫਿਰਨ ਦਾ। ਸਿੱਖੀ ਸਹਿਜ ਦਾ ਮਾਰਗ ਹੈ। ਮੀਰਾਂ, ਚੰਡੀਦਾਸ, ਚੇਤਨ ਆਦਿ ਦੀਆਂ ਰਚਨਾਵਾਂ ਨੂੰ ਨਾ ਦਰਜ ਕਰਨ ਦਾ ਕਾਰਨ ਇਹ ਹੀ ਸੀ ਕਿ ਉਹ ਜਜ਼ਬੇ ਦੇ ਵੇਗ ਨੂੰ ਨ ਰੋਕ ਸਕੇ।



www.AKJ.Org

ਜਜ਼ਬਾ ਡੁਲ੍ਹ ਡੁਲ੍ਹ ਪੈਣਾ ਸਿੱਖੀ ਦਾ ਰਾਹ ਨਹੀਂ ਹੈ। ਸਿੱਖੀ ਸਮੁੰਦਰ ਵਾਂਗ ਸ਼ਾਂਤ ਹੈ।

ਗੁਰੂ ਨਾਨਕ ਜੀ ਨੇ ਸੰਸਾਰ ਦੀ ਨਜ਼ਰ ਵਿਚ ਨੀਵਿਆਂ(ਨਿਮਾਣਿਆਂ) ਦੀ ਬਾਣੀ ਇਕੋ ਥਾਂ ਦਰਜ ਕਰਕੇ ਧਰਮਾਂ ਦੇ ਇਤਿਹਾਸ ਵਿਚ ਇਕ ਨਵਾਂ ਆਦੇਸ਼ ਦਿੱਤਾ। ਹਿੰਦੁਸਤਾਨ ਜਿਸ ਭਾਵਕ ਏਕਤਾ (Emotional Integration) ਲਈ ਦੁਹਾਈਆਂ ਪਾ ਰਿਹਾ ਹੈ ਅਤੇ ਸੰਸਾਰ-ਮਿਲਤ (Co-existence) ਲਈ ਤਰਲੇ ਲੈ ਰਿਹਾ ਹੈ, ਉਹ ਤਦ ਹੀ ਹੋ ਸਕੇਗੀ ਜੇਕਰ ਗੁਰੂ ਗ੍ਰੰਥ ਸਾਹਿਬ ਦਾ ਦਸਿਆ ਮਾਰਗ ਅਪਣਾਇਆ ਜਾਇਗਾ। ਗੁਰੂ ਮਹਾਰਾਜ ਦਾ ਸਿਧਾਂਤ ਹੈ ਕਿ ਹਰ ਇਕ ਨੂੰ ਹੱਕ ਹੈ ਆਪਣਾ ਸਾਜ਼ ਵਜਾਉਣ ਦਾ, ਸੁਰ ਕੱਢਣ ਦਾ, ਪਰ ਇਹ ਕਿਸੇ ਨੂੰ ਇਜਾਜ਼ਤ ਨਹੀਂ ਦਿਤੀ ਜਾ ਸਕਦੀ ਕਿ ਦੂਸਰੇ ਨੂੰ ਵਜਾਉਣ ਤੋਂ ਰੋਕੇ, ਜਾਂ ਬੇਸੁਰਾ ਕਰੇ। ਇਹ ਨਿਰੋਲ ਗੁਰੂ ਗ੍ਰੰਥ ਸਾਹਿਬ ਜੀ ਹਨ ਜਿਥੇ ਹਰ ਇਕ ਨੇ ਆਪਣੀ ਵੀਚਾਰ ਨਿਝੱਕ ਹੋ ਕੇ ਦੱਸੀ ਹੈ। ਇਥੇ ਬਾਬਾ ਫਰੀਦ ਜੀ ਆਖਦੇ ਹਨ—

ਉਠੁ ਫਰੀਦਾ ਉਜੂ ਸਾਜਿ, ਸੁਬਹ ਨਿਵਾਜ ਗੁਜਾਰਿ॥
ਜੋ ਸਿਰੁ ਸਾਂਈ ਨਾ ਨਿਵੈ, ਸੋ ਸਿਰੁ ਕਪਿ ਉਤਾਰਿ॥੭੧॥
ਅਤੇ—ਫਰੀਦਾ ਬੇਨਿਵਾਜਾ ਕੁਤਿਆ, ਏਹ ਨ ਭਲੀ ਰੀਤਿ॥
ਕਬਹੀ ਚਲਿ ਨ ਆਇਆ, ਪੰਜੇ ਵਖਤ ਮਸੀਤਿ॥੭੦॥ (ਪੰਨਾ ੧੩੮੧)

ਜੇਕਰ ਇਨ੍ਹਾਂ ਦਾ ਅਖਰੀ ਅਮਲ ਹੋਵੇ ਤਾਂ ਹਰ ਇਕ ਸਿਖ ਨੂੰ ਪੰਜ ਵਾਰੀ ਨਮਾਜ਼ ਗੁਜ਼ਾਰਨੀ ਤੇ ਮਸੀਤ ਜਾਣਾ ਚਾਹੀਦਾ ਹੈ। ਪਰ ਇਹ ਤਾਂ ਗੁਰੂ ਧਰਮ ਦੀ ਸਾਂਝ, ਭਾਵਕ ਏਕਤਾ ਦੀ ਜਾਚ, ਤੇ ਮਿੱਲਤ ਦਾ ਢੰਗ ਸਿਖਾ ਰਹੇ ਹਨ। ਮੰਤਵ, ਮਕਸਦ ਤੇ ਨਿਸ਼ਾਨਾ ਤਾਂ ਅਲ੍ਹਾ ਪਾਕ ਦੀ ਯਾਦ ਤੇ ਪ੍ਰਭੂ ਦਾ ਸਿਮਰਨ ਹੈ। ਫਰੀਦ ਜੀ ਉਸ ਲਈ ਆਪਣੇ ਢੰਗ ਨਾਲ ਜ਼ੋਰਦਾਰ ਅਵਾਜ਼ ਉਠਾਂਦੇ ਹਨ, ਜੋ ਉਹਨਾਂ ਨੂੰ ਪੂਰਾ ਹੱਕ ਹੈ।

ਬੋਲੀ ਬਾਰੇ ਭੀ ਗੁਰੂ ਗ੍ਰੰਥ ਸਾਹਿਬ ਨੇ ਸਦੀਆਂ ਦਾ ਕੜ੍ਹ ਤੋੜਿਆ ਹੈ। ਇਸਾਈ ਖ਼ੁਦਾ ਦੀ ਬੋਲੀ ਲਾਤੀਨੀ, ਮੁਸਲਮਾਨ ਅਰਬੀ, ਤੇ ਹਿੰਦੂ ਦੇਵਬਾਣੀ ਸੰਸਕ੍ਰਿਤ ਸਮਝਦੇ ਹਨ। ਗੁਰੂ ਗ੍ਰੰਥ ਸਾਹਿਬ ਨੇ ਸਮਝਾਇਆ ਹੈ ਕਿ ਅਲਾਹ, ਪ੍ਰਮਾਤਮਾ, ਵਾਹਿਗੁਰੂ ਦੀ ਕੋਈ ਬੋਲੀ ਨਹੀਂ, ਉਸਦੀ ਬੋਲੀ ਕੇਵਲ ਪਿਆਰ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਵਿਚ ਹਰ ਪ੍ਰਾਂਤ, ਹਰ ਦੇਸ਼, ਹਰ ਇਲਾਕੇ ਤੇ ਹਰ ਧਰਮ ਦੇ ਸ਼ਬਦ ਮਿਲਦੇ ਹਨ। ਡਾ: ਬਾਹਰੀ ਨੇ ਬਹੁਤ ਸੁੰਦਰ ਗੱਲ ਆਖੀ ਹੈ, "ਜੇ ਕਦੀ ਹਿੰਦੁਸਤਾਨ ਨੇ ਇਕ ਸਾਂਝੀ ਬੋਲੀ ਅਪਣਾਈ ਤਾਂ ਉਹ ਕੇਵਲ ਸੁਖਮਨੀ ਸਾਹਿਬ ਵਾਲੀ ਹੀ ਹੋ ਸਕੇਗੀ। ਇਕ ਗੱਲ ਹੋਰ, ਜੇ ਕੋਈ ਇਸਨੂੰ ਧਾਰਮਕ ਪੁਸਤਕ ਕਹਿ ਕੇ ਸਿਰ ਨਾ ਨਿਵਾਏ ਤਾਂ ਭੀ ਉਸਨੂੰ ਇਸਦੇ ਸਾਹਿਤਕ ਸਵਾਦ ਅਤੇ ਆਤਮਕ ਬਲੰਦੀ ਅੱਗੇ ਸਿਰ ਝੁਕਾਉਣਾ ਹੀ ਪਵੇਗਾ। ਸੱਚ ਦਾ ਸਹੀ ਸਰੂਪ ਗੁਰੂ ਗ੍ਰੰਥ ਸਾਹਿਬ ਬਗ਼ੈਰ ਲਭਣਾ ਅਸੰਭਵ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਐਸੇ ਗੁਰੂ ਨੂੰ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕਰ ਕੇ ਸਾਰੇ ਜਗਤ ਉਤੇ ਇਕ ਸਦੀਵੀ ਪਰਉਪਕਾਰ ਕੀਤਾ ਹੈ। ਇਤਿਹਾਸ ਕਹਿੰਦਾ ਹੈ ਕਿ ਆਪਣੇ ਲਈ ਗੁਰੂ ਅਰਜਨ ਦੇਵ ਜੀ ਨੇ ਲਾਗੇ ਹੀ ਇਕ ਟੋਆ ਖੁਦਵਾਇਆ ਤੇ ਉਸ ਵਿਚ ਆਪ ਜੀ ਆਸਣ ਲਗਾ ਕੇ ਬੈਠੇ। ਇਸ ਤੋਂ ਉਹਨਾਂ ਦਾ ਭਾਵ ਇਹ ਸੀ ਕਿ ਅਸਲ ਗੁਰੂ 'ਸ਼ਬਦ' ਹੈ ਤੇ ਉਸਦਾ ਸਤਿਕਾਰ ਜ਼ਿਆਦਾ ਜ਼ਰੂਰੀ ਹੈ। ਸਰੀਰ ਨਾਸਵੰਤ ਹੈ, ਸ਼ਬਦ ਸਦੀਵੀ ਹੈ। ਬਾਣੀ ਸੂਖਮ ਹੈ ਅਤੇ ਆਤਮਾ ਭੀ ਸੂਖਮ ਹੈ। ਮੇਲ ਦੋਨਾਂ ਦਾ ਕਰਨਾ ਤੇ ਕਰਾਉਣਾ ਹੈ।

ਇਸੇ ਹੀ ਵੀਚਾਰਧਾਰਾ ਦਾ ਪ੍ਰਚਾਰ ਛੇਵੇਂ, ਸਤਵੇਂ ਤੇ ਅਠਵੇਂ ਪਾਤਸ਼ਾਹ ਨੇ ਕੀਤਾ। ਨਾਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ੫੭ ਸਲੋਕ ਤੇ ੩੧ ਸ਼ਬਦ ਰਲਾ ਕੇ ਇਸ ਆਦਿ ਗੁਰੂ ਗ੍ਰੰਥ ਜੀ ਨੂੰ ਅੱਜ ਦਾ ਸਰੂਪ ਦਿਤਾ। ਇਕ ਹੋਰ ਰਾਗ ਜੈਜਾਵੰਤੀ ਭੀ ਆਪ ਨੇ ਵਰਤਿਆ।

ਗੁਰੂ ਗੋਬਿੰਦ ਸਿੰਘ ਜੀ ਨੇ 'ਸਰੀਰਕ ਗੁਰੂ' ਨੂੰ ਸੰਕੋਚ ਲਿਆ ਤੇ 'ਜੁਗਤ' ਪੰਥ ਦੇ ਹਵਾਲੇ ਕਰ ਦਿਤੀ ਤੇ 'ਜੋਤਿ' ਗ੍ਰੰਥ ਨੂੰ ਬਖਸ਼ੀ। 'ਸ਼ਬਦ' ਨੂੰ ਹੀ ਸਦੀਵੀ ਗੁਰੂ ਥਾਪ ਦਿਤਾ। ਉੱਚੀ, ਅਟੱਲ ਤੇ ਸਥਿਰ ਥਾਂ ਪ੍ਰਦਾਨ ਕਰ ਦਿਤੀ।

'ਮਹਿਮਾ ਪ੍ਰਕਾਸ਼' ਵਾਲਾ ਕਹਿੰਦਾ ਹੈ, ਅੰਤ ਸਮੇਂ ਸਿਖਾਂ ਨੇ ਪੂਛਾ ਕਿ ਅਬ ਦਰਸ਼ਨ ਕਹਾ ਕਰਹਿ। ਸਤਿਗੁਰ



www.AKJ.Org

# 'ਤੁਹੀ-ਤੁਹੀ ਦਾ ਆਦਰਸ਼'

[ਡਾਕਟਰ ਤਾਰਨ ਸਿੰਘ ਜੀ]

ਨਾਨਕ-ਗੋਬਿੰਦ ਸਿੰਘ ਲਹਿਰ ਨੇ ਆਪਣੇ ਮੰਦਰਾਂ ਦੇ ਚਾਰ ਦਰਵਾਜ਼ੇ ਖੁਲ੍ਹੇ ਰਖੇ ਤਾਂ ਕਿ ਚਵਾਂ ਦਿਸ਼ਾਂ ਤੋਂ ਸਭ ਵਰਣਾਂ ਦੇ ਲੋਕ ਆ ਸਕਣ। ਆਪਣੇ ਪ੍ਰਮੁਖ ਧਰਮ-ਅਸਥਾਨ ਦੀ ਨੀਂਹ ਸਾਈਂ ਮੀਆਂ ਮੀਰ ਤੋਂ ਰਖਵਾਈ। ਆਪਣੇ ਇਸ਼ਟ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂਆਂ ਮੁਸਲਮਾਨਾਂ, ਊਚਾਂ-ਨੀਚਾਂ, ਪੰਜਾਬੀਆਂ-ਗੈਰ ਪੰਜਾਬੀਆਂ, ਪੂਰਬ-ਵਰਤੀਆਂ ਤੇ ਸਮਕਾਲੀਆਂ, ਕ੍ਰਿਸ਼ਨ-ਪੂਜਕਾਂ ਤੇ ਬੀਠਲ-ਪ੍ਰਸਤਾਂ—ਸਭ ਦੀ ਉਹ ਬਾਣੀ ਅੰਕਤ ਕਰ ਦਿਤੀ ਜੋ ਉਨ੍ਹਾਂ ਨੇ ਉਦੋਂ ਉਚਾਰੀ ਜਦੋਂ ਉਨ੍ਹਾਂ ਨੂੰ 'ਏਕ ਤੁਹੀ' ਤੇ 'ਤੁਹੀ ਤੁਹੀ' ਦੀ ਖ਼ਬਰ ਲਗ ਗਈ। ਗੁਰੂ ਗ੍ਰੰਥ ਸਾਹਿਬ ਵਿਚ ਛੱਤੀ ਮਹਾਂ ਪੁਰਸ਼ਾਂ ਦੀ ਬਾਣੀ ਹੈ। ਛੱਤੀ ਮਹਾਂ ਪੁਰਸ਼ਾਂ ਵਿਚ ਛੇ ਸਿਖ ਗੁਰੂ ਸਾਹਿਬਾਨ ਸਨ, ਬਾਕੀ ਤੀਹ ਮਹਾਂ ਪੁਰਸ਼ ਉਹ ਹਨ ਜੋ ਸੰਨ ੧੧੭੦ ਤੋਂ ੧੬੭੫ ਤੀਕ ਭਾਰਤ ਦੇ ਭਿੰਨ ਭਿੰਨ ਪ੍ਰਦੇਸਾਂ ਵਿਚ ਹੋਏ ਤੇ ਜੋ ਰਸਮੀ ਰੂਪ ਵਿਚ ਗੈਰ-ਸਿਖ ਸਨ। ਪਰ 'ਤੁਹੀ-ਤੁਹੀ' ਦੀ ਸੂਝ ਵਾਲੇ ਸਨ। 'ਤੁਹੀ-ਤੁਹੀ' ਦੀ ਸੂਝ ਵਾਲੇ ਸਾਰੇ ਸਿਖ, ਬਿਨਾਂ ਕਿਸੇ ਉਲੰਘਣਾ ਦੇ, ਉਸ ਗੁਰੂ ਗ੍ਰੰਥ ਸਾਹਿਬ ਨੂੰ ਸਦੀਆਂ ਤੋਂ ਸੀਸ ਨਿਵਾਈ ਜਾ ਰਹੇ ਹਨ। ਤੇ ਬਿਨਾਂ ਕਿਸੇ ਵਿਤਕਰੇ ਦੇ ਸਦੀਆਂ ਤੋਂ ਰੋਜ਼, ਦੋਵੇਂ ਵੇਲੇ, ਅਰਦਾਸ ਕਰੀ ਜਾ ਰਹੇ ਹਨ—

ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

ਇਹ ਹੈ 'ਤੁਹੀ-ਤੁਹੀ' ਦੀ ਭਾਵਨਾ, ਇਹ ਹੈ 'ਏਕ ਤੁਈ ਏਕ ਤੁਈ' ਦਾ ਆਦਰਸ਼। ਇਹ 'ਤੁਹੀ ਤੁਹੀ' ਦਾ ਅਲਾਪ ਭਾਰਤ ਦੀ ਅਸਲ ਆਤਮਾ ਦਾ ਅਲਾਪ ਹੈ।......ਜਦੋਂ ਵੀ ਕੋਈ ਆਤਮਾ 'ਸਚਦਾਨੰਦ' ਸਰੂਪ ਹੋਈ ਹੈ, ਉਸ ਨੇ 'ਤੁਹੀ ਤੁਹੀ', 'ਏਕ ਤੁਈ' ਨੂੰ ਹੀ ਪੂਜਿਆ ਹੈ—ਨਾਮਦੇਵ ਕਹਿੰਦਾ ਹੈ ਕਿ ਮੈਂ ਤੇ ਉਸ ਦਰ ਦਾ ਪੁਜਾਰੀ ਹਾਂ ਜਿਥੇ ਦੇਹੁਰੇ ਤੇ ਮਸੀਤ ਦਾ ਕੋਈ ਵਿਤਕਰਾ ਨਹੀਂ, ਜਿਥੇ ਪੁਰਾਨ ਤੇ ਕੁਰਾਨ ਬਰਾਬਰ ਹਨ, ਜਿਥੇ ਨਿਮਾਜ਼ ਤੇ ਪੂਜਾ ਦਾ ਇਕੋ ਦਰਜਾ ਹੈ—"ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥" (੮੭੫)

ਜਿਸ ਕਿਸੇ ਨੇ ਹਸਤੀ ਨੂੰ ਦੇਖਿਆ ਉਸ ਨੇ ਇਉਂ ਹੀ ਪੁਕਾਰਿਆ ਹੈ। ਇਹ ਕਬੀਰ ਜੀ ਦੇ ਬਚਨ ਹੈ—

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥
ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥ (੧੩੫੦)

ਨੂਰ ਇਕ ਹੈ, ਉਸ ਨੂਰ ਵਿਚੋਂ ਸਾਰੇ ਜੀਵ, ਧਰਮ, ਸਭਿਆਚਾਰ, ਪੂਜਾ-ਪਾਠ, ਵਰਤ-ਨੇਮ ਪੈਦਾ ਹੋਏ ਹਨ, ਭਲੇ ਹਨ, ਮੰਦਾ ਕੋਈ ਨਹੀਂ। ਜਦੋਂ ਭਰਮ ਨਾਸ਼ ਹੁੰਦਾ ਹੈ, ਨੂਰ ਹੀ ਨੂਰ ਦਿਸਦਾ ਹੈ, 'ਤੁਹੀ ਤੁਹੀ' ਹੀ ਪ੍ਰਗਟ ਹੁੰਦਾ ਹੈ, 'ਏਕ ਤੁਈ, ਏਕ ਤੁਈ' ਦਾ ਅਲਾਪ ਆਪ-ਮੁਹਾਰਾ ਨਿਕਲਦਾ ਹੈ।

---

✿ਦੀਨ ਦਿਆਲ ਬਚਨ ਕੀਆ ਜੋ ਦਸ ਗੁਰੁ ਹਮਾਰੇ ਸੰਪੂਰਨ ਭਏ, ਅਬ ਮੇਰਾ ਜਾਹਰਾ ਰੂਪ ਗੁਰੂ ਗ੍ਰੰਥ ਕੋ ਜਾਨਣਾ। ਜਿਸਨੇ ਮੇਰੇ ਸੇ ਬਾਤ ਕਰਨੀ ਹੈ ਤਾਂ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ, ਮੇਰੇ ਸੇ ਬਾਤਾਂ ਹੋਵੇਗੀ। ਫਿਰ ਫੁਰਮਾਇਆ 'ਦਰਸ਼ਨ ਖਾਲਸੇ ਦਾ, ਪੂਜਾ ਅਕਾਲ ਦੀ ਅਤੇ ਪਰਚਾ ਸ਼ਬਦ 'ਦਾ। ਮਨ ਕੇਵਲ ਸ਼ਬਦ ਵਿਚ ਹੀ ਤੇ ਸ਼ਬਦ ਰਾਹੀਂ ਹੀ ਪਰਚਾਉਣਾ ਹੈ।

ਭਾਈ ਚੌਪਾ ਸਿੰਘ ਨੇ ਦੋ-ਅਖਰੀ ਗੱਲ ਲਿਖੀ ਹੈ, "ਆਗਿਆ ਗੁਰੂ ਗ੍ਰੰਥ ਸਾਹਿਬ ਕੀ ਮੰਨਣੀ"। ਇਹਨਾਂ ਹੁਕਮਾਂ ਉਤੇ ਸਿਖਾਂ ਨੇ ਪੂਰਾ ਪਹਿਰਾ ਦਿਤਾ। ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹੋ ਕੇ ਉਸ ਨੇ ਗੁਰੂ ਨੂੰ ਪ੍ਰਤੱਖ ਕਰ ਲਿਆ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਫ਼ੈਸਲੇ ਕਰ ਕੇ ਉਨ੍ਹਾਂ ਨੂੰ ਗੁਰੂ ਦੀ ਅਵਾਜ਼, ਰਾਇ ਤੇ ਫ਼ੈਸਲੇ ਕਹਿ ਕੇ 'ਗੁਰਮਤਾ' ਆਖ ਸਤਿਕਾਰਿਆ ਅਤੇ ਹਰ ਭੀੜ ਤੇ ਸੰਕਟ ਸਮੇਂ 'ਗੁਰੂ' ਨੇ ਅਗਵਾਈ ਕੀਤੀ, ਹੁਣ ਭੀ ਕਰ ਰਿਹਾ ਹੈ ਤੇ ਸਿਰਫ਼ ਤਾਬੇ ਹੋਣ ਦੀ ਲੋੜ ਹੈ।



www.AKJ.Org

# ਰਾਗਮਾਲਾ ਬਾਰੇ ਨਵਾਂ ਵਿਵਾਦ

"ਰਾਗਮਾਲਾ ਬਾਰੇ ਨਵਾਂ ਵਿਵਾਦ" ਸੂਰਾ ਪੱਤਰ ਨੇ ਨਹੀਂ ਸ਼ੁਰੂ ਕੀਤਾ, ਸਗੋਂ ਦਮਦਮੀ ਟਕਸਾਲ ਵਲੋਂ ਪੁਰਾਤਨ ਚਲੀ ਆ ਰਹੀ ਮਰਯਾਦਾ ਦੇ ਉਲਟ 'ਸਰਬੱਤ ਖਾਲਸਾ ਸੰਮੇਲਨ' ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਰਾਗਮਾਲਾ ਪੜ੍ਹੇ ਜਾਣ ਦਾ ਮਤਾ ਵੀ ਪਾਸ ਕੀਤਾ ਗਿਆ। ਪੰਥਕ ਮਰਯਾਦਾ ਦੇ ਉਲਟ ਇਸ ਗ਼ਲਤ ਫ਼ੈਸਲੇ ਕਾਰਨ, 'ਸੂਰਾ' ਪੱਤਰ ਨੇ ਸਿਖ ਮਾਤਰ ਨੂੰ ਜਾਣਕਾਰੀ ਦੇਣ ਲਈ ਰਾਗਮਾਲਾ ਦੇ ਸੰਬੰਧ ਵਿਚ ਪੰਥ ਦੇ ਉਘੇ ਵਿਦਵਾਨਾਂ ਦੇ ਵਿਚਾਰ "ਰਾਗਮਾਲਾ ਬਾਰੇ ਵਿਚਾਰ" ਟ੍ਰੈਕਟ ਵਿਚ ਛਾਪ ਦਿਤੇ।

ਇਸ ਵੇਲੇ ਪੰਥਕ ਸੰਕਟ ਨੂੰ ਮੁਖ ਰਖ ਕੇ ਅਸੀਂ ਸੰਪਾਦਕ 'ਖਾਲਸਾ ਸਮਾਚਾਰ' ਨੂੰ ਬੇਨਤੀ ਕਰਾਂਗੇ ਕਿ ਇਸ ਵਾਦ-ਵਿਵਾਦ ਨੂੰ ਬੇਲੋੜਾ ਉਛਾਲਣਾ ਠੀਕ ਨਹੀਂ ਹੈ। ਅਸੀਂ 'ਸੂਰਾ' ਪਤਰ ਵਿਚ ਇਸ ਬਾਰੇ ਕੋਈ ਲੇਖ ਛਾਪਣਾ ਨਹੀਂ ਚਾਹੁੰਦੇ, ਪਰ 'ਖਾਲਸਾ ਸਮਾਚਾਰ' ਨੇ ਕੁਝ ਗ਼ਲਤ-ਬਿਆਨੀ ਕੀਤੀ ਹੈ, ਜਿਸ ਨੂੰ ਪਰਗਟ ਕਰਨਾ ਜ਼ਰੂਰੀ ਹੈ।

'ਖਾਲਸਾ ਸਮਾਚਾਰ' ਨੇ ੩੧-੭, ੭-੮ ਅਤੇ ੧੪-੮-੯੬ ਦੇ ਅੰਕਾਂ ਵਿਚ ਉਪਰੋਕਤ ਸਿਰਲੇਖ ਹੇਠ ਲੇਖ ਲਿਖੇ ਹਨ। ਉਨ੍ਹਾਂ "ਰਾਗਮਾਲਾ ਬਾਰੇ ਵਿਚਾਰ" ਟ੍ਰੈਕਟ ਵਿਚਲੇ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਲੇਖ ਦਾ ਜ਼ਿਕਰ ਕਰਦਿਆਂ ਪਹਿਲੇ ਅੰਕ ਵਿਚ ਲਿਖਿਆ ਹੈ ਕਿ ਆਪ ਪਹਿਲਾਂ ਪਹਿਲ ਰਾਗਮਾਲਾ ਨੂੰ ਗੁਰਬਾਣੀ ਨਹੀਂ ਮੰਨਦੇ ਸਨ, ਪਰ ਬਾਅਦ ਵਿਚ ਉਨ੍ਹਾਂ ਦੇ ਵਿਚਾਰਾਂ ਵਿਚ ਪਰਿਵਰਤਨ ਆਉਂਦਾ ਗਿਆ। ਫਿਰ ਇਕ ਅਧੂਰੀ ਜਿਹੀ ਟੂਕ ਦੇ ਕੇ ਦਸਿਆ ਹੈ ਕਿ ੧੯੩੦ ਵਿਚ ਛਪੇ 'ਮਹਾਨ ਕੋਸ਼' ਵਿਚ ਭਾਈ ਕਾਨ੍ਹ ਸਿੰਘ ਜੀ ਨੇ ਆਪਣੇ ਵਿਚਾਰਾਂ ਦੀ ਭੁਲ ਦੀ ਸੋਧ ਕਰ ਲਈ ਸੀ।

ਮਹਾਨ ਕੋਸ਼ [ਦੂਜੀ ਛਾਪ] ਵਿਚ ਇਸ ਸੰਬੰਧੀ ਵਖ ਵਖ ਥਾਵਾਂ ਤੇ ਹੇਠ ਲਿਖੀਆਂ ਪੰਜ ਐਂਟਰੀਆਂ ਦਰਜ ਹਨ–

(੧) **ਗ੍ਰੰਥ ਸਾਹਿਬ ਸ੍ਰੀ ਗੁਰੂ**–ਸ੍ਰੀ ਗੁਰੂ ਅਰਜਨ ਸਾਹਿਬ ਨੇ ਜੋ ਜਿਲਦ ਭਾਈ ਗੁਰਦਾਸ ਜੀ ਦੀ ਕਲਮ ਤੋਂ ਲਿਖਵਾਈ, ਉਸ ਦਾ ਪ੍ਰਸਿਧ ਨਾਉਂ ਭਾਈ ਗੁਰਦਾਸ ਵਾਲੀ ਹੋ ਗਿਆ। ਇਸ ਵਿਚ ਸ੍ਰੀ ਰਾਗ ਤੋਂ ਲੈ ਕੇ ਪ੍ਰਭਾਤੀ ਤੀਕ ੩੦ ਰਾਗ ਹਨ ਅਤੇ ਕੁਲ ਬਾਣੀ ਸ਼ਬਦ ਸਲੋਕ ਪੌੜੀ ਆਦਿ ਦੀ ਗਿਣਤੀ ਮੁੰਦਾਵਣੀ ਤੀਕ ੫੭੫੧ ਹੈ। ਇਹ ਬੀੜ ਹੁਣ ਕਰਤਾਰਪੁਰ ਹੈ, ਜਿਸ ਦੀ ਜਿਲਦ ਕਿਤਾਬੀ ਅਤੇ ਸਾਰੇ ਪਤ੍ਰੇ ੯੭੫ ਹਨ। ਹਾਸ਼ੀਆ ਹਰੇਕ ਪਤ੍ਰੇ ਦਾ ਨਵਾਂ ਚੜ੍ਹਿਆ ਹੋਇਆ ਹੈ। ਸ੍ਰੀ ਗੁਰੂ ਅਰਜਨ ਸਾਹਿਬ ਦੀ ਕਲਮ ਤੋਂ ਜਪੁ ਦੇ ਆਦਿ ਦਾ ਮੂਲਮੰਤ੍ਰ ਹੈ ਅਤੇ ਪੰਨੇ ੫੪੧ ਪੁਰ ਗੁਰੂ ਹਰਿਗੋਬਿੰਦ ਸਾਹਿਬ ਦੇ ਦਸਤਖ਼ਤ ਹਨ। (ਪੰਨਾ ੩੨੭)

(੨) **ਮੁੰਦਾਵਣੀ**–ਮੁਦ੍ਰਣ (ਮੁਹਰ ਛਾਪ ਲਾਉਣ) ਦੀ ਕ੍ਰਿਯਾ, ਮੁੰਦਣਾ। "ਮੁੰਦਾਵਣੀ ਮ: ੫" ਸਿਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਪੁਰ ਪਾਠ ਹੈ, ਜਿਸ ਦਾ ਭਾਵ ਅੰਤਿਮ- ਮੁਹਰ-ਛਾਪ ਹੈ। ਸਮਾਪਤੀ ਪੁਰ ਮੁਦ੍ਰਣ ਕਰਕੇ ਇਹ ਉਪਦੇਸ਼ ਹੈ ਕਿ ਇਥੇ ਧਰਮ ਗ੍ਰੰਥ ਦੇ ਪਾਠ ਦਾ ਭੋਗ ਹੈ। (ਪੰਨਾ ੭੩੯)

(੩) **ਮਾਧਵਾਨਲ ਸੰਗੀਤ**–ਮਾਧਵਾਨਲ ਗਵੈਯੇ ਦਾ ਬਣਾਇਆ ਇੱਕ ਸੰਗੀਤ ਸ਼ਾਸਤ੍ਰ,ਜਿਸ ਦਾ ਅਨੁਵਾਦ ਆਲਮ ਕਵੀ ਨੇ ਹਿੰਦੀ ਭਾਸ਼ਾ ਵਿਚ ਕੀਤਾ ਹੈ। ਰਾਗਮਾਲਾ ਇਸੇ ਗ੍ਰੰਥ ਦਾ ਇਕ ਪਾਠ ਹੈ। (ਪੰਨਾ ੭੨੧)

(੪) **ਆਲਮ**–(੬) ਫ਼ਾਰਸੀ ਅਤੇ ਹਿੰਦੀ ਦਾ ਇਕ ਪ੍ਰਸਿੱਧ ਕਵੀ, ਜਿਸ ਨੇ ਸੰਨ ੯੯੧ ਹਿਜਰੀ ਵਿਚ ਮਾਧਵਾਨਲ ਸੰਗੀਤ ਦਾ ਵ੍ਰਿਜ ਭਾਸ਼ਾ ਵਿਚ ਉਲਥਾ (ਅਨੁਵਾਦ) ਕੀਤਾ ਹੈ। ਰਾਗਮਾਲਾ ਇਸੇ ਗ੍ਰੰਥ ਦਾ ਇਕ ਹਿੱਸਾ ਹੈ। (ਪੰਨਾ ੭੯)

(੫) **ਰਾਗਮਾਲਾ**–ਮਾਧਵਾਨਲ ਸੰਗੀਤ ਦੇ, ਆਲਮ ਕਵਿ ਕ੍ਰਿਤ, ਹਿੰਦੀ ਅਨੁਵਾਦ ਵਿਚੋਂ ੬੩ਵੇਂ ਛੰਦ ਤੋਂ ੭੨ਵੇਂ ਤੀਕ ਦਾ ਪਾਠ, ਜਿਸ ਵਿਚ ਛੀ ਰਾਗ, ਉਨ੍ਹਾਂ ਦੀਆਂ ਪੰਜ ਪੰਜ ਰਾਗਿਣੀਆਂ ਅਤੇ ਅੱਠ ਅੱਠ ਪੁਤ੍ਰ ਦੱਸੇ ਹਨ। (ਪੰਨਾ ੭੭੦)

ਜੇਕਰ 'ਖਾਲਸਾ ਸਮਾਚਾਰ' ਦੇ ਸੰਪਾਦਕ ਜੀ '**ਸੱਚ**' ਪੇਸ਼ ਕਰਨ ਦੀ ਜੁਰਅਤ ਰਖਦੇ ਹਨ ਤਾਂ ਇਹ ਪੰਜੇ



www.AKJ.Org

ਐਂਟਰੀਆਂ ਹੂ-ਬਹੂ ਛਾਪ ਦੇਣ ਅਤੇ ਪਾਠਕਾਂ ਤੇ ਛਡ ਦੇਣ ਤਾਂ ਜੁ ਉਹ ਵੇਖ ਲੈਣ ਕਿ ਭਾਈ ਕਾਨ੍ਹ ਸਿੰਘ ਜੀ ਦੇ ਵਿਚਾਰਾਂ ਵਿਚ ਰਤਾ ਜਿੰਨਾ ਵੀ ਪਰਿਵਰਤਨ ਨਹੀਂ ਸੀ ਆਇਆ। ਉਹ 'ਮੁੰਦਾਵਣੀ' ਨੂੰ ਹੀ ਭੋਗ ਦੀ ਬਾਣੀ ਮੰਨਣ ਲਈ ਦ੍ਰਿੜ੍ਹ ਸਨ।

ਦੂਜੇ ਤੀਜੇ ਅੰਕਾਂ ਵਿਚ ਵੀ ਪੁਰਾਣੀਆਂ ਦਲੀਲਾਂ ਹੀ ਦੁਹਰਾਈਆਂ ਹੋਈਆਂ ਹਨ, ਜਿਨ੍ਹਾਂ ਦੇ ਉਤਰ "ਰਾਗਮਾਲਾ ਬਾਰੇ ਵਿਚਾਰ" ਟ੍ਰੈਕਟ ਵਿਚਲੇ ਲੇਖਾਂ ਵਿਚ ਮੌਜੂਦ ਹਨ ਜੀ।

ਇਸ ਪੰਥਕ ਸੰਕਟ ਦੀ ਘੜੀ ਵਿਚ ਮਿਲਾਉਣੀ ਦੀ ਭਾਵਨਾ ਅਧੀਨ ਅੰਤ ਵਿਚ ਸਮੂਹ ਸੰਗਤਾਂ ਦੇ ਚਰਨਾਂ ਵਿਚ ਦੋ ਜੋੜ ਕਰ ਬੇਨਤੀ ਹੈ ਕਿ ਜਿਨ੍ਹਾਂ ਸਜਣਾਂ ਨੂੰ ਰਾਗਮਾਲਾ ਚੋਂ ਗੁਰਬਾਣੀ ਵਾਲੀ ਮਿਠਾਸ ਪ੍ਰਾਪਤ ਹੁੰਦੀ ਹੈ, ਉਹ ਇਸ ਨੂੰ ਜੀ-ਸਦਕੇ ਪੜ੍ਹਨ। ਪਰ ਜਿਹੜੇ ਸਜਣ ਇਸ ਨੂੰ ਬਾਣੀ ਨ ਜਾਣ ਕੇ ਨਹੀਂ ਪੜ੍ਹਦੇ, ਉਨ੍ਹਾਂ ਤੇ ਕਿੰਤੂ ਨਾ ਕੀਤਾ ਜਾਏ ਅਤੇ ਨਾ ਹੀ ਗ਼ਲਤ-ਬਿਆਨੀਆਂ ਕਰ ਕੇ ਕਿਸੇ ਵਾਦ-ਵਿਵਾਦ ਨੂੰ ਤੁਖਣਾ ਦਿਤੀ ਜਾਏ।

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

— ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਵਲੋਂ ਇਸ ਮਹੀਨੇ ਹੇਠ ਲਿਖੀ ਸਹਾਇਤਾ ਪੁਜੀ ਹੈ—

| | |
|---|---|
| ਭਾ: ਪਰਮਜੋਤ ਸਿੰਘ, ਅੰਮ੍ਰਿਤਸਰ (ਚੜ੍ਹਾਵਾ) | ੬੨-੦੦ |
| ਬੀਬੀ ਗੁਰਮੀਤ ਕੌਰ ਵੁਲਵਰਹੈਂਪਟਨ ਯੂ. ਕੇ. | ੧੮੪-੩੦ |
| ਬੀਬੀ ਪ੍ਰੀਤਮ ਕੌਰ ਵੁਲਵਰ ਹੈਂਪਟਨ ਯੂ ਕੇ. | ੨੭੬-੪੫ |
| ਸਾਧ ਸੰਗਤ ਗੁਰਦਵਾਰਾ ਸਿਖ ਟੈਂਪਲ ਲਮਿੰਗਟਨ | ੧੭੧੦-੦੦ |
| ਬੀਬੀ ਹਰਬੰਸ ਕੌਰ ਸਿਮਰ ਕੌਰ ਸਾਉਥਹਾਲ | ੩੮੦-੦੦ |
| ਬੀ: ਕੁਲਵਿੰਦਰ ਕੌਰ ਤੇ ਸੁਖਵਿੰਦਰ ਸਿੰਘ ਗਿਲ ਰੈਡਿੰਗ | ੧੯੦-੦੦ |
| ਭਾਈ ਮਨਜੀਤ ਸਿੰਘ, ਸਾਉਥਹਾਲ ਯੂ. ਕੇ. | ੫੭੦-੦੦ |
| ਬੀਬੀ ਬਲਬੀਰ ਕੌਰ ਤੇ ਸੁਰਿੰਦਰ ਸਿੰਘ ਰੇਡਿੰਗ | ੩੮੦-੦੦ |
| ਬੀਬੀ ਕੁਲਵੰਤ ਕੌਰ, ਸਾਉਥਹਾਲ ਯੂ. ਕੇ. | ੨੬੬-੦੦ |
| ਸ: ਸਤਵੀਰ ਸਿੰਘ ਭਿਲਾਈ ਨਗਰ M.P. | ੨੫੧-੦੦ |
| ਸ: ਪਰਮਜੀਤ ਸਿੰਘ, ਪਟਨਾ ਸਾਹਿਬ | ੧੦੦੦-੦੦ |
| ਸ: ਹਰਜੀਤ ਸਿੰਘ, ਕੋਟਾ-੨ (ਰਾਜਿਸਥਾਨ) | ੧੧੦੦-੦੦ |
| ਭਾਈ ਨਿਰੰਜਨ ਸਿੰਘ ਕੋਟਾ | ੧੦੦-੦੦ |
| ਭਾਈ ਅਵਤਾਰ ਸਿੰਘ ਕੋਟਾ | ੨੦੦-੦੦ |
| ਸ: ਦਿਲਬਾਗ ਸਿੰਘ ਪੀ. ਏ. ਯੂ. ਲੁਧਿਆਣਾ | ੫੦੦-੦੦ |
| ਡਾ: ਹਰਬੰਸ ਸਿੰਘ ਜੀ ਅੰਮ੍ਰਿਤਸਰ ਨਮਿਤ ਪਰਵਾਰ ਵਲੋਂ (ਸਮਾਗਮ ਚੜ੍ਹਾਵਾ) | ੭੯-੭੫ |
| ਸ: ਮਨਜੀਤ ਸਿੰਘ ਜਮਾਲਪੁਰ ਅਵਾਨਾ ਲੁਧਿਆਣਾ | ੧੦੦-੦੦ |
| ਸ: ਪ੍ਰਦੁੰਮਨ ਸਿੰਘ ਸ਼ਿਵ ਨਗਰ ਜਲੰਧਰ | ੨੦੦-੦੦ |
| ਨਿਰਵੈਰ ਪਿਸਾਈ ਕੇਂਦਰ ਅੰਮ੍ਰਿਤਸਰ (ਚੜ੍ਹਾਵਾ) | ੩੬-੯੫ |
| ਸ: ਜੋਗਿੰਦਰ ਸਿੰਘ ਲਾਇਸੈਸਟਰ ਯੂ. ਕੇ. | ੩੭੦੦-੦੦ |
| ਸ: ਨਿਰਮਲ ਸਿੰਘ ਸੰਧੂ, ਫ਼ੀਰੋਜ਼ਪੁਰ | ੨੦-੦੦ |
| ਏ. ਪੀ. ਐਸ. ਫ਼ੈਸ਼ਨਜ਼, ਸਮੈਥਵਿਚ ਯੂ. ਕੇ. | ੫੦੦-੦੦ |
| ਸ: ਤਾਰਾ ਸਿੰਘ ਮਲਾਡ, ਬੰਬੇ ੬੪ | ੫੦੦-੦੦ |
| ਗੁਰੂ ਨਾਨਕ ਗੁਰਦੁਆਰਾ ਵੈਸਟ ਬ੍ਰਹਮਵਿਚ ਯੂ.ਕੇ. | ੨੭੮੩-੪੫ |

## ਪੀੜਤ ਪਰਵਾਰਾਂ ਨੂੰ ਸਹਾਇਤਾ

ਅਖੰਡ ਕੀਰਤਨੀ ਜਥੇ ਦੇ ਅਤੇ ਹੋਰ ਪੀੜਤ ਪਰਵਾਰਾਂ ਨੂੰ ਲੋੜ ਮੁਜਬ ਦਿਤੀ ਗਈ ਸਹਾਇਤਾ—

| | |
|---|---|
| ਬੀਬੀ ਦਲਜੀਤ ਕੌਰ ਸੁਪਤਨੀ ਸ਼ਹੀਦ ਸੋਹਨ ਸਿੰਘ, ਪਿੰਡ ਮੈਚੋ ਲੇਲ (ਅੰਮ੍ਰਿਤਸਰ) | ੫੦੦੦-੦੦ |
| ਬੀਬੀ ਜਸਵੰਤ ਕੌਰ ਸੁਪਤਨੀ ਭਾਈ ਜੋਗਿੰਦਰ ਸਿੰਘ, ਪਿੰਡ ਅਖਾੜਾ (ਲੁਧਿਆਣਾ) ਨੂੰ ਮਾਸਿਕ ਸਹਾਇਤਾ | ੩੦੦-੦੦ |
| ਭਾਈ ਜਸਬੀਰ ਸਿੰਘ, ਅੰਮ੍ਰਿਤਸਰ | ੫੦੦-੦੦ |
| ਬੀਬੀ ਧਨਵੰਤ ਕੌਰ ਪਤਨੀ ਭਾਈ ਮੋਹਨ ਸਿੰਘ, ਉਧਨਵਾਲ (ਗੁਰਦਾਸਪੁਰ) | ੧੦੦੦੦-੦੦ |
| ਬੀਬੀ ਗੁਰਵੰਤ ਕੌਰ ਪਤਨੀ ਭਾਈ ਹਰਬੰਸ ਸਿੰਘ, ਸ੍ਰੀ ਤਰਨ ਤਾਰਨ | ੧੦੦੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ ਸ੍ਰੀ ਅੰਮ੍ਰਿਤਸਰ

**ਪਿਆਰੇ ਪਾਠਕੋ—**ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡਾ ਚਿੱਟ ਨੰਬਰ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਦਿਤਾ ਹੁੰਦਾ ਹੈ। ਤੁਹਾਡੇ ਵਲੋਂ ਭੇਜੀ ਚਿੱਠੀ ਜਾਂ ਰਕਮ ਦੇ ਨਾਲ ਚਿੱਟ ਨੰਬਰ ਦਿੱਤਾ ਹੋਵੇ ਤਾਂ ਅਮਲ ਕਰਨ ਵਿਚ ਸੌਖ ਹੁੰਦਾ ਹੈ।

(੨) **ਸੂਰਾ ਪੱਤਰ ਦਾ ਚੰਦਾ** ਖ਼ਤਮ ਹੋਣ ਦੀ ਮੁਹਰ ਪਰਚੇ ਤੇ ਵੇਖੋ ਤਾਂ ਓਦੋਂ ਹੀ ਚੰਦਾ ਮਨੀਆਰਡਰ ਰਾਹੀਂ ਭੇਜੋ, ਤਾਕਿ ਕਟ ਵਧ ਨਾ ਕਰਨੀ ਪਵੇ।



www.AKJ.Org

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਰੈਣ ਸਬਾਈ ਤੇ ਜਰਮਨੀ ਵਿਚ ਗੁਰਮਤਿ ਕੈਂਪ

ਭਾਈ ਰਾਜਿੰਦਰ ਸਿੰਘ ਜੀ ਡਡਲੀ ਤੋਂ ਸੂਚਤ ਕਰਦੇ ਹਨ ਕਿ—

(1) ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ 20 ਸਤੰਬਰ ਸ਼ਨੀਵਾਰ ਰਾਤ ਨੂੰ ਗੁਰਦਵਾਰਾ ਨਾਨਕ ਦਰਬਾਰ, ਕਲੇਰੈਂਸ ਪਲੇਸ, ਗ੍ਰੇਵਜ਼ੈਂਡ, ਕੈਂਟ ਵਿਖੇ। ਗੁ: ਫ਼ੋਨ 0474-534121 ਪੁਛ ਗਿਛ : ਭਾਈ ਨਿਰਮਲ ਸਿੰਘ ਫ਼ੋਨ 0474-350249

### (2) ਜਰਮਨੀ ਵਿਖੇ ਗੁਰਮਤਿ ਕੈਂਪ

18 ਤੋਂ 21 ਸਤੰਬਰ ਹਾਮਬਰਗ ਵੈਸਟ ਜਰਮਨੀ ਵਿਖੇ ਹੇਠ ਲਿਖੇ ਅਸਥਾਨ ਤੇ ਕੈਂਪ ਲਗੇਗਾ—

ਗੁਰਦਵਾਰਾ ਸਾਹਿਬ, Lomule Str. 810, 2000-Hamburg-76, ਵੈਸਟ ਜਰਮਨੀ

ਪੁਛ ਗਿਛ : ਭਾਈ ਮਨੋਹਰ ਸਿੰਘ (ਅਖੰਡ ਕੀਰਤਨੀ ਜਥਾ ਜਰਮਨੀ) ਫ਼ੋਨ : 041-6545928

## ਇੰਗਲੈਂਡ ਦੇ ਚੰਦੇ ਤੇ ਬਕਾਏ ਯੂ. ਕੇ. ਵਿਚ ਜਮ੍ਹਾ ਕਰਾਓ ਜੀ

ਇੰਗਲੈਂਡ ਵਿਚ ਜਿਨ੍ਹਾਂ ਪਾਠਕਾਂ ਨੂੰ ਚੰਦੇ ਖ਼ਤਮ ਹੋਣ ਦੀ ਇਤਲਾਹ ਮਿਲ ਗਈ ਹੈ ਉਹ ਆਪਣੇ ਚੰਦੇ ਯੂ. ਕੇ. ਵਿਚ ਜਮ੍ਹਾ ਕਰਵਾਣ ਅਤੇ ਅਮਾਨਤੀ ਲਾਈਫ ਮੈਂਬਰ ਵੀ ਆਪਣੇ ਬਕਾਏ ਹੇਠ ਲਿਖੇ ਪਤੇ ਤੇ ਜਮ੍ਹਾ ਕਰਾਉਣ—

S. Gurnam Singh, 10-Lambourne Gardens, Early. Reading, Berks, U. K.

---

## ਭਗਤਾ ਜ਼ਿਲਾ ਬਠਿੰਡਾ, ਇਤਿਹਾਸਕ ਗੁਰ-ਅਸਥਾਨ ਵਿਖੇ ਰੈਣ ਸਬਾਈ ਕੀਰਤਨ

ਭਾਈ ਅਜੀਤ ਸਿੰਘ ਜੀ ਬੇਨਤੀ ਕਰਦੇ ਹਨ ਕਿ ੨੦ ਸਤੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਦਰਸ਼ਨ ਬਖਸ਼ੋ ਜੀ।

---

## ਪਿੰਡ ਅਲੀਗੜ੍ਹ (ਸ਼ਹੀਦ ਰਛਪਾਲ ਸਿੰਘ ਨਗਰ) ਵਿਖੇ ਦਿਵਸ ਸੁਹੇਲਾ ਸਮਾਗਮ

ਭਾਈ ਅਮਰਜੀਤ ਸਿੰਘ PAU ਲੁਧਿਆਣਾ ਸੂਚਤ ਕਰਦੇ ਹਨ ਕਿ ੨੮ ਸਤੰਬਰ ਐਤਵਾਰ ਸਵੇਰੇ ਅਖੰਡਪਾਠ ਉਪਰੰਤ ਦੁਪਹਿਰ ੧੨ ਵਜੇ ਤਕ ਕੀਰਤਨ ਹੋਣੇ ਹਨ। ਆਇ ਦੀਦਾਰ ਬਖ਼ਸ਼ੋ ਜੀ।

---

## ਰਾਜਪੁਰਾ ਸ਼ਹਿਰ ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਇਲਾਕਾ ਰਾਜਪੁਰਾ ਵਲੋਂ ੨੦ ਸਤੰਬਰ ਸ਼ਨੀਵਾਰ ਰਾਤ ਨੂੰ ਗੁਰਦਵਾਰਾ ਸਾਹਿਬ ਰਾਜਪੁਰਾ (ਚੰਡੀਗੜ੍ਹ ਰੋਡ) ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

---

## ਸ੍ਰੀ ਗੁਰੂ ਸਿੰਘ ਸਭਾ ਜਗਾਧਰੀ ਵਰਕਸ਼ਾਪ ਵਿਖੇ ਸਾਲਾਨਾ ਰੈਣ ਸਬਾਈ ਕੀਰਤਨ

੨੦ ਸਤੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋਣੇ ਹਨ। ਦਰਸ਼ਨ ਦੇ ਕੇ ਨਿਵਾਜੋ ਜੀ।

ਦਾਸਰੇ—ਅਖੰਡ ਕੀਰਤਨੀ ਜਥਾ ਯਮੁਨਾ ਨਗਰ ਜਗਾਧਰੀ

---

## ਮਲੇਰ ਕੋਟਲਾ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਰਾਮਪੁਰਾ ਸੂਚਨਾ ਦੇਂਦੇ ਹਨ ਕਿ ੨੦ ਸਤੰਬਰ ਸ਼ਨੀਵਾਰ ਰਾਤ ਨੂੰ ਗੁਰਦਵਾਰਾ ਸਿੰਧੀਆਂ ਸਾਹਮਣੇ ਤਹਿਸੀਲ ਮਲੇਰ ਕੋਟਲਾ ਵਿਖੇ ਰੈਣ ਸਬਾਈ ਕੀਰਤਨ ਵਿਚ ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

---

## ਮੋਗਾ ਵਿਖੇ ੭ ਸਤੰਬਰ ਅਤਵਾਰ ਨੂੰ ਕੀਰਤਨ

ਅਖੰਡ ਕੀਰਤਨੀ ਜਥਾ ਮੋਗਾ ਦੇ ਸਹਿਯੋਗ ਨਾਲ ਭਾਈ ਪ੍ਰਮਿੰਦਰ ਸਿੰਘ ਵਲੋਂ ਸਵੇਰੇ ੬-੩੦ ਵਜੇ ਤੋਂ ੧੦ ਵਜੇ ਤਕ ਗੁ: ਗੁਰੂ ਤੇਗ ਬਹਾਦਰ, ਦੁਸਾਂਝ ਰੋਡ, ਮੋਗਾ ਵਿਖੇ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

---

## ਬਸੀ ਪਠਾਣਾਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਉਤਸ਼ਵ ਸੰਬੰਧ ਵਿਚ ਰੈਣ ਸਬਾਈ ਕੀਰਤਨ

ਭਾਈ ਜਸਵੰਤ ਸਿੰਘ ਜੀ ਬੇਨਤੀ ਕਰਦੇ ਹਨ ਕਿ ੫ ਸਤੰਬਰ ਸ਼ੁਕਰਵਾਰ ਨੂੰ ਰੈਣ ਸਬਾਈ ਕੀਰਤਨ ਸਮੇਂ ਦਰਸ਼ਨ ਦਿਓ ਜੀ।

---

**ਭੁਲ ਦੀ ਸੋਧ**—ਜੁਲਾਈ ੮੬ ਦੇ 'ਸੂਰਾ' ਵਿਚ ਖੈੜਾ ਦੋਨਾ (ਕਪੂਰਥਲਾ) ਦੇ ਪ੍ਰੋਗਰਾਮ ਹੇਠ ਸ: ਤਾਰਾ ਸਿੰਘ ਜੀ ਹੈਡਮਾਸਟਰ ਦੇ ਨਾਂ ਨਾਲ (ਰੀ:) ਸ਼ਬਦ ਭੁਲੇਖੇ ਨਾਲ ਲਿਖਿਆ ਗਿਆ ਹੈ, ਖਿਮਾ ਦੇ ਜਾਚਕ ਹਾਂ ਜੀ।

www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਉਤਸ਼ਵ ਐਤਕੀਂ ਜਲੰਧਰ ਵਿਖੇ ਹੋਣਗੇ

## ਦਿਲੀ ਵਿਖੇ ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ

ਅਕਤੂਬਰ ੯-੧੦-੧੧ ਨੂੰ ਅਤੇ ਰੈਣ ਸਬਾਈ ਕੀਰਤਨ ੧੧ ਅਕਤੂਬਰ ਸ਼ਨੀਵਾਰ ਰਾਤ ਨੂੰ—ਵੇਰਵਾ ਆਉਂਦੇ ਅੰਕ ਵਿਚ

## ਬਟਾਲਾ ਵਿਆਹ ਪੁਰਬ ਸਮੇਂ ਸਾਲਾਨਾ ਕੀਰਤਨ ਸਮਾਗਮ

੮ ਸਤੰਬਰ ਸੋਮਵਾਰ ਸਵੇਰੇ ੪ ਤੋਂ ੬-੩੦ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ। ੧੦ਸਤੰਬਰ ਬੁਧਵਾਰ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ੧੨ ਵਜੇ ਤਕ ਕੀਰਤਨ, ਸ਼ਾਮ ੬ ਵਜੇ ਅੰਮ੍ਰਿਤ ਸਿੰਚਾਰ, ਸੋਦਰ ਤੋਂ ਉਪਰੰਤ ਰੈਣ ਸਬਾਈ ਕੀਰਤਨ ਅਰੰਭ। ੧੧ ਸਤੰਬਰ ਸਵੇਰੇ ੫ ਵਜੇ ਅਨੰਦ ਕਾਰਜ, ੭ ਵਜੇ ਸਮਾਪਤੀ।
ਸਾਰਾ ਪ੍ਰੋਗਰਾਮ ਗੁਰੂ ਨਾਨਕ ਖਾ: ਹਾ: ਸੈ: ਸਕੂਲ (ਗੁਰਦਾਸਪੁਰ ਰੋਡ, ਬਸ ਅਡੇ ਤੋਂ ੧ ਕਿਲੋਮੀਟਰ) ਵਿਖੇ ਹੋਵੇਗਾ।

ਦਾਸਰੇ—ਅਖੰਡ ਕੀਰਤਨੀ ਜਥਾ ਜ਼ਿਲਾ ਗੁਰਦਾਸਪੁਰ

## ਪਿੰਡ ਦਿਆਲਪੁਰ (ਜ਼ਿਲਾ ਕਪੂਰਥਲਾ) ਵਿਖੇ ਸਾਲਾਨਾ ਕੀਰਤਨ ਸਮਾਗਮ ਤੇ ਅੰਮ੍ਰਿਤ ਸਿੰਚਾਰ

੨੪ ਸਤੰਬਰ ਤੋਂ ੫ ਅਕਤੂਬਰ ਤਕ ਕੀਰਤਨ ਸਮਾਗਮ ਹੁੰਦੇ ਰਹਿਣਗੇ। ਹਾਜ਼ਰੀਆਂ ਭਰ ਕੇ ਲਾਹੇ ਲਵੋ ਜੀ।
੩ ਅਕਤੂਬਰ ਸ਼ਾਮ ਕੀਰਤਨ ਗੁ: ਰਾਮਗੜ੍ਹੀਆਂ, ੪ ਅਕਤੂਬਰ ਸ਼ਾਮ ੭ ਵਜੇ ਅੰਮ੍ਰਿਤ ਸਿੰਚਾਰ ਅਤੇ ਰੈਣ ਸਬਾਈ ਕੀਰਤਨ ਅਰੰਭ, ੫ ਅਕਤੂਬਰ ਸਵੇਰੇ ੬ ਵਜੇ ਸਮਾਪਤੀ।

ਦਾਸਰੇ—ਅਖੰਡ ਕੀਰਤਨੀ ਜਥਾ ਦਿਆਲਪੁਰ

## ਗੁ: ਪਾਤਸ਼ਾਹੀ ੬ ਪੁਲ ਪੁਖ਼ਤਾ ਜ਼ਿਲਾ ਹੁਸ਼ਿਆਪੁਰ ਵਿਖੇ ਗੁਰਮਤਿ ਸਮਾਗਮ

੧੪ ਤੋਂ ੧੭ ਸਤੰਬਰ ਤਕ ਪਿੰਡ ਡੜੀਆਂ ਤਲਵੰਡੀ, ਕੁਰਾਲਾ, ਉੜਮੁੜ, ਓਹੜਪੁਰ ਤੇ ਪਿੰਡ ਬੈਂਸਾਂ ਵਿਖੇ ਪ੍ਰੋਗਰਾਮ ਹੋ ਰਹੇ ਹਨ। ੧੮ ਸਤੰਬਰ ਵੀਰਵਾਰ ਸਵੇਰੇ ਕੀਰਤਨ ਆਸਾ ਦੀ ਵਾਰ ਉਪਰੰਤ ਗੁ: ਪਾ: ੬ ਵਿਖੇ ਸ੍ਰੀ ਅਖੰਡਪਾਠ ਅਰੰਭ, ਸ਼ਾਮ ਸੋਦਰ ਦੀ ਚੌਕੀ ਪਿੰਡ ਦੁਕੁਰਜੀ, ੧੯ ਸਤੰਬਰ ਸਵੇਰੇ ਬੁਢੀ ਪਿੰਡ, ਸ਼ਾਮ ਸੋਦਰ ਦੀ ਚੌਕੀ ਭੂਲਪੁਰ, ੨੦ ਸਤੰਬਰ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਕੀਰਤਨ ਆਸਾ ਦੀ ਵਾਰ, ਸ਼ਾਮ ੪ ਵਜੇ ਅੰਮ੍ਰਿਤ ਸਿੰਚਾਰ ਤੇ ੭ ਵਜੇ ਰੈਣ ਸਬਾਈ ਕੀਰਤਨ ਅਰੰਭ, ੨੧ ਸਤੰਬਰ ਸਵੇਰੇ ਸਮਾਪਤੀ। ਪਿੰਡ ਪੁਲ ਪੁਖਤਾ ਟਾਂਡਾ ਤੋਂ ਦੋ ਕਿਲੋਮੀਟਰ, ਟਾਂਡਾ-ਬੇਗੋਵਾਲ ਸੁਭਾਨਪੁਰ ਰੋਡ ਤੇ ਹੈ। ਅੰਮ੍ਰਿਤਸਰ ਤੇ ਕਪੂਰਥਲਾ ਦੀਆਂ ਸੰਗਤਾਂ ਸੁਭਾਨਪੁਰ ਰਸਤੇ ਪੁਜਣ। ਟਾਂਡਾ ਅਡੇ ਤੇ ਟਰਾਲੀਆਂ ਦਾ ਪਰਬੰਧ ਹੋਵੇਗਾ। ਪੁਛ ਗਿਛ—ਸੀ ਗਰ ਰਾਮਦਾਸ ਮੈਡੀਕਲ ਸਟੋਰ, ਨੇੜੇ ਬਸ ਅੱਡਾ, ਟਾਂਡਾ। ਦਾਸਰੇ—ਅਖੰਡ ਕੀਰਤਨੀ ਜਥਾ ਟਾਂਡਾ, ਦਸੂਹਾ

## ਕੁਰਾਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ੨ ਤੋਂ ੫ ਅਕਤੂਬਰ ਐਤਵਾਰ ਸਵੇਰ ਤਕ

ਖਾਲਸਾ ਹਾਇਰ ਸੈਕੰਡਰੀ ਸਕੂਲ ਕੁਰਾਲੀ ਵਿਚ ਸ਼ਹੀਦਾਂ ਦੀ ਯਾਦ ਵਿਚ ਕੀਰਤਨ ਸਮਾਗਮ ਦੇ ਪ੍ਰੋਗਰਾਮ— ੨ ਅਕਤੂਬਰ ਸਵੇਰੇ ੫ ਤੋਂ ੭ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ ਖਾ: ਹਾ: ਸੈ: ਸਕੂਲ ਵਿਖੇ, ਸ਼ਾਮ ਪਿੰਡ ਗੁਰ: ਸਿੰਘ ਪੁਰਾ, ੩ ਅਕਤੂਬਰ ਸਵਰੇ ੫ ਤੋਂ ੮ ਕੀਰਤਨ ਪਿੰਡ ਚਨਾਲੋਂ, ਸ਼ਾਮ ਪਿੰਡ ਗੁਰ: ਪਪਰਾਲੀ, ੪ ਅਕਤੂਬਰ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ੧੨ ਦੁਪਹਿਰ ਤਕ ਕੀਰਤਨ ਸਕੂਲ ਵਿਖੇ. ਸ਼ਾਮ ੪ ਵਜੇ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ, ੫ ਅਕਤੂਬਰ ਐਤਵਾਰ ਸਵੇਰੇ ਸਮਾਪਤੀ, ਪੁਛ ਗਿਛ—ਭਾ: ਹਰਿਭਜਨ ਸਿੰਘ, ਖਾਲਸਾ ਨਿਵਾਸ, ਨੇੜੇ ਬਸ ਅੱਡਾ, ਕੁਰਾਲੀ।

ਦਾਸਰੇ—ਅਖੰਡ ਕੀਰਤਨੀ ਜਥਾ ਰੋਪੜ, ਕੁਰਾਲੀ

## ਨੌਜਵਾਨ ਅਖੰਡ ਕੀਰਤਨੀ ਜਥਾ ਬਰੇਲੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਉਤਸ਼ਵ ਪ੍ਰੋਗਰਾਮ

੬ ਸਤੰਬਰ ਸ਼ਨੀਵਾਰ ਰਾਤ ਨੂੰ ਭਾਈ ਅਮਰਜੀਤ ਸਿੰਘ ਸਪੁਤਰ ਸਵ: ਭਾਈ ਸ਼ੇਰ ਸਿੰਘ ਜੀ, ਚਾਹ ਬਾਈ (ਕੋਹਾੜਾਪੀਰ) ਬਰੇਲੀ ਦੇ ਗ੍ਰਿਹਿ ਵਿਖੇ ਰੈਣ ਸਬਾਈ ਕੀਰਤਨ ਹੋਣਗੇ। ਆਇ ਜੁੜੋ ਜੀ।

## ਨਕੋਦਰ ਨੇੜ ਪਿੰਡ ਚੱਕ ਕਲਾਂ ਵਿਖੇ ੧੩ ਸਤੰਬਰ ਰਾਤ ਨੂੰ ਰੈਣ ਸਬਾਈ ਕੀਰਤਨ

ਭਾਈ ਹਰਮਹਿੰਦਰ ਸਿੰਘ ਗੋਬਿੰਦਪੁਰੀ ਸੂਚਤ ਕਰਦੇ ਹਨ ਕਿ ਫਗਵਾੜਾ-ਬੰਗਾ ਦੀਆਂ ਸੰਗਤਾਂ ਦੇ ਉਦਮ ਨਾਲ ਗੁਰਦਵਾਰਾ ਸਾਹਿਬ ਪਿੰਡ ਚਕ ਕਲਾਂ ਵਿਖੇ ੧੩ ਸਤੰਬਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

## ਗੁ: ਸਤੋਖਸਰ ਸ੍ਰੀ ਅੰਮ੍ਰਿਤਸਰ ਵਿਖੇ ਸ਼ਹੀਦਾਂ ਦੀ ਯਾਦ ਵਿਚ ੨੦ ਸਤੰਬਰ ਰਾਤ ਰੈਣ ਸਬਾਈ ਕੀਰਤਨ

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org